# ਮਨੁੱਖੀ ਵਿਕਾਸ ਤੇ ਪਰਵਾਸ ਦੀ ਕਹਾਣੀ


## ਜਸਵਿੰਦਰ ਸੰਧੂ, ਬਰੈਂਪਟਨ (ਕਨੇਡਾ)

jaswindersandhu@rogers.com, jassi@hotmail.com


ਹਰ ਕੋਈ ਕਦੇ ਨਾ ਕਦੇ ਇਹ ਸੋਚਦਾ ਹੈ ਕਿ ਪਹਿਲਾ ਮਨੁੱਖ ਕਦੋਂ ਤੇ ਕਿਵੇਂ ਪੈਦਾ ਹੋਇਆ ਹੋਵੇਗਾ। ਆਮ ਕਰਕੇ ਤਾਂ ਅਜਿਹੇ ਸਵਾਲ ਦਾ ਜਵਾਬ ਧਾਰਮਿਕ ਕਿਤਾਬਾਂ ਜਾਂ ਪਰੰਪਰਾਵਾਂ ਅਨੁਸਾਰ ਹੀ ਦਿੱਤਾ ਜਾਂਦਾ ਹੈ। ਜ਼ਿਆਦਾਤਰ ਲੋਕੀਂ ਅਜਿਹੀਆਂ ਕਲਪਿਤ ਜਾਂ ਧਾਰਮਿਕ ਤੌਰ ਤੇ ਪਰਵਾਨ ਕੀਤੀਆਂ ਗੱਲਾਂ ਨੂੰ ਸੱਚ ਮੰਨ ਲੈਂਦੇ ਹਨ ਤੇ ਸੰਤੁਸ਼ਟ ਹੋ ਜਾਂਦੇ ਹਨ। ਆਮ ਧਾਰਮਿਕ ਫਲਸਫਿਆਂ ਅਨੁਸਾਰ ਤਾਂ ਇੱਕ ਅਦਿੱਖ ਸ਼ਕਤੀ 'ਰੱਬ' ਨੂੰ ਇਹ ਸਭ ਕੁੱਝ ਪੈਦਾ ਕਰਨ ਵਾਲ਼ਾ ਤੇ ਜੱਗ ਚਲਾਉਣ ਵਾਲ਼ਾ ਦੱਸਿਆ ਜਾਂਦਾ ਹੈ। ਕੋਈ ਇਸ ਨੂੰ ਪਰਮਾਤਮਾ, ਕੋਈ ਅੱਲਾ, ਕੋਈ ਗੌਡ, ਕੋਈ ਵਾਹਿਗੁਰੂ ਕਹਿੰਦਾ ਹੈ। ਬਹੁਤੀਆਂ ਧਾਰਮਿਕ ਕਿਤਾਬਾਂ 'ਚ ਇਸ 'ਰੱਬ' ਦੀ ਪਰਿਭਾਸ਼ਾ ਵੀ ਦਿੱਤੀ ਹੁੰਦੀ ਹੈ। ਜਿਵੇਂ ਸਿੱਖਾਂ ਦੇ ਧਾਰਮਿਕ ਆਦਿ ਗ੍ਰੰਥ 'ਚ ਇਹ ਇੱਕ ਅਦਿੱਖ ਸ਼ਕਤੀ ਹੈ ਜੋ ਸੱਚ ਹੈ (ਸਦੀਵੀ ਹੋਂਦ ਵਾਲ਼ਾ), ਕਰਨ ਵਾਲ਼ਾ, ਨਿਡਰ, ਬਿਨਾਂ ਵੈਰ-ਵਿਰੋਧ, ਸਮੇਂ ਤੋਂ ਬਾਹਰ ਤੇ ਆਪਣੇ ਆਪ ਤੋਂ ਹੀ ਉਪਜਿਆ ਹੋਇਆ ਹੈ। ਹਿੰਦੂ ਧਰਮ (ਸਨਾਤਨ) ਵਿੱਚ ਵੀ ਕੁੱਝ ਇੰਦਾਂ ਦੀ ਹੀ ਪਰਿਭਾਸ਼ਾ ਹੈ ਤੇ ਅਦਵੈਤ ਫਲਸਫਾ ਤਾਂ ਇੰਨ੍ਹ-ਬਿੰਨ੍ਹ ਇਹੀ ਕੁੱਝ ਕਹਿੰਦਾ ਹੈ, ਸਿਰਫ ਕਰਤਾ ਪੁਰਖ ਵਾਲ਼ਾ ਨੁਕਤਾ ਹੀ ਵੱਖਰਾ ਹੈ। ਧਾਰਮਿਕ ਫਲਸਫਿਆਂ ਦੇ ਇਹ ਕੁੱਝ ਨਮੂਨੇ ਹਨ, ਜੋ ਲੋਕਾਂ ਨੂੰ ਗੁੰਮਰਾਹ ਕਰਨ ਤੋਂ ਬਿਨਾਂ ਹੋਰ ਕੁੱਝ ਨਹੀਂ ਕਰਦੇ। ਇਸ ਸ਼ਕਤੀ ਦਾ ਸਬੂਤ ਕਿਸੇ ਵੀ ਧਰਮ ਨੇ ਬਿਲਕੁਲ ਹੀ ਨਹੀਂ ਦਿੱਤਾ। ਬੱਸ ਲੋਕਾਂ ਨੂੰ ਡਰਾ ਕੇ ਜ਼ਰੂਰ ਰੱਖਿਆ ਹੋਇਆ ਹੈ ਕਿ ਇਹ ਅਦਿੱਖ ਸ਼ਕਤੀ ਤੁਹਾਨੂੰ ਨੁਕਸਾਨ ਕਰ ਸਕਦੀ ਹੈ। ਫਲ਼ ਸਰੂਪ, ਇਨ੍ਹਾਂ ਧਾਰਮਿਕ ਜਥੇਬੰਦੀਆਂ ਦਾ ਧਰਮ-ਵਪਾਰ ਦਾ ਧੰਦਾ ਜ਼ੋਰਾਂ ਨਾਲ਼ ਚੱਲੀ ਜਾਂਦਾ ਹੈ। ਖੈਰ, ਇਹ ਇੱਕ ਵੱਖਰਾ ਵਿਸ਼ਾ ਹੈ।

ਮਨੁੱਖੀ ਪਰਵਾਸ ਦੀ ਜਾਣਕਾਰੀ ਬਹੁਤ ਪੱਖਾਂ ਤੋਂ ਜ਼ਰੂਰੀ ਹੈ। ਸਭ ਤੋਂ ਪਹਿਲੀ ਗੱਲ ਤਾਂ ਇਹੀ ਹੈ ਕਿ ਇਸ ਵਿਸ਼ੇ ਬਾਰੇ ਜੋ ਇਸ ਸਮੇਂ ਵਿਗਿਆਨੀ ਸੋਚ ਰਹੇ ਹਨ, ਉਹ ਆਮ ਪੰਜਾਬੀ ਪੜ੍ਹਨ ਵਾਲ਼ਿਆਂ ਨੂੰ ਨਹੀਂ ਪਤਾ। ਸਮੇਂ ਦੀ ਸਾਇੰਸ ਤੋਂ ਜਾਣੂੰ ਹੋਣਾ ਸਮੇਂ ਦੇ ਹਾਣ ਦਾ ਹੋਣ ਬਰਾਬਰ ਆਉਂਦਾ ਹੈ। ਦੂਜਾ ਇਹ ਕਿ ਪੰਜਾਬੀ ਦੇ ਲਿਖਾਰੀਆਂ ਨੂੰ ਆਪਣੀਆਂ ਕਿਰਤਾਂ 'ਚ ਖਾਸ ਕਰਕੇ ਇਤਿਹਾਸਕ ਨਾਵਲਾਂ ਬਗੈਰਾ 'ਚ ਅਜਿਹੀ ਜਾਣਕਾਰੀ ਕਈ ਵਾਰ ਵਰਤਣੀ ਪੈਂਦੀ ਹੈ ਤੇ ਜੇ ਠੀਕ ਪਤਾ ਹੋਊ ਤਾਹੀਂ ਉਹ ਠੀਕ ਲਿਖ ਸਕਣਗੇ। ਪੰਜਾਬੀ ਦੇ ਭਾਸ਼ਾ ਵਿਗਿਆਨੀਆਂ ਲਈ ਇਹ ਅਤਿਅੰਤ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਮਨੁੱਖ ਦੇ ਮੁਢਲੇ ਸਫਰ ਦੀ ਸਹੀ ਜਾਣਕਾਰੀ ਹੋਵੇ ਤਾਂ ਕਿ ਉਹ ਭਾਸ਼ਾ ਦਰਖਤ ਦਾ ਸੰਕਲਪ ਸਮਝ ਸਕਣ ਅਤੇ ਜੇ ਲੋੜ ਹੋਵੇ ਤਾਂ ਨਵੇਂ ਉਸ ਨੂੰ ਸਿਰਿਓਂ ਸਿਰਜ ਵੀ ਸਕਣ। ਅੰਗਰੇਜ਼ੀ ਵਾਲ਼ੇ ਕਈ ਭਾਸ਼ਾ ਵਿਗਿਆਨੀ ਅਜਿਹੀ ਖੋਜ ਕਰ ਰਹੇ ਹਨ ਜੋ ਮਨੁੱਖ ਦੇ ਪਸਾਰ ਦੀ ਕਹਾਣੀ ਦੀ ਹਾਮੀ ਭਰਦੇ ਦਿਖਾਈ ਦੇ ਰਹੇ ਹਨ। ਭਾਵੇਂ ਪੰਜਾਬੀ ਭਾਸ਼ਾ ਦੇ ਵਿਗਿਆਨੀ ਦੂਜੀਆਂ ਭਾਸ਼ਾਵਾਂ ਦੇ ਖੋਜ ਪੱਤਰ ਪੜ੍ਹਨ ਦੇ ਵੀ ਕਾਬਲ ਹੋਣਗੇ, ਪਰ ਮਾਤ-ਭਾਸ਼ਾ 'ਚ ਮਿਲਦੀ ਜਾਣਕਾਰੀ ਜ਼ਿਆਦਾ ਮਹੱਤਵਪੂਰਣ ਹੁੰਦੀ ਹੈ ਜੋ ਸਮਝਣੀ ਵੀ ਸੌਖੀ ਹੁੰਦੀ ਹੈ। ਵੈਸੇ ਇਹ ਜਾਣਕਾਰੀ ਸਭ ਤੋਂ ਜ਼ਰੂਰੀ ਇਸ ਲਈ ਹੈ ਕਿ ਸਾਡੇ ਪੰਜਾਬੀ ਮਾਧਿਅਮ 'ਚ ਪੜ੍ਹਨ ਵਾਲ਼ੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਅਜਿਹੇ ਗਿਆਨ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਉਨ੍ਹਾਂ ਨੇ ਛੇਤੀ ਹੀ ਤੇਜ਼-ਤਰਾਰ ਦੁਨੀਆ 'ਚ ਦਾਖਲ ਹੋ ਕੇ ਆਪਣੀ ਥਾਂ ਬਣਾਉਣੀ ਹੈ। ਆਮ ਲੋਕਾਂ ਨੂੰ ਇਸ ਵਿਸ਼ੇ ਬਾਰੇ ਸਿਰੇ ਦੀ ਖੋਜ ਦਾ ਜੇ ਪਤਾ ਹੋਵੇ ਤਾਂ ਆਪਣੇ ਭਾਈਚਾਰੇ ਦਾ ਅਕਸ ਵੀ ਚੰਗਾ ਬਣੂਗਾ ਤੇ ਰਹੂਗਾ।

ਇਨ੍ਹਾਂ ਸਭ ਚੀਜ਼ਾਂ ਨੂੰ ਮੁੱਖ ਰੱਖ ਕੇ ਮੈਂ ਇਹ ਪਰਚਾ ਲਿਖ ਰਿਹਾ ਹਾਂ ਤੇ ਉਮੀਦ ਕਰਦਾ ਹਾਂ ਕਿ ਇਸ ਨੂੰ ਇਸ ਪੱਖੋਂ ਮੇਰੀ ਮੁਢਲੀ ਕੋਸ਼ਿਸ਼ ਮੰਨ ਕੇ ਬਾਕੀ ਮਾਹਰ ਇਸ ਤੋਂ ਅੱਗੇ ਚੱਲਣਗੇ। ਜੇ ਇਸ ਵਿੱਚ ਕੋਈ ਖਾਮੀ ਰਹਿ ਗਈ ਹੋਵੇ ਤਾਂ ਵੀ ਇਸ ਵਿਸ਼ੇ ਦੇ ਮਾਹਰਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਠੀਕ ਜਾਣਕਾਰੀ ਲੋਕਾਂ ਸਾਹਮਣੇ ਲਿਆਉਣ। ਮੈਂ ਆਪਣੇ ਵਿੱਤ ਮੁਤਾਬਿਕ ਪਾਠਕਾਂ ਦੇ ਜਵਾਬ ਦਿੰਦਾ ਰਹਾਂਗਾ। ਮਨੁੱਖ ਦਾ ਵਿਕਾਸ ਕਦੋਂ ਤੇ ਕਿੱਥੇ ਹੋਇਆ ਬਾਰੇ ਵੀ ਜਾਣਕਾਰੀ ਦੀ ਜ਼ਰੂਰਤ ਹੈ। ਆਦਿ ਮਨੁੱਖ ਦੇ ਅਫਰੀਕਾ 'ਚ ਪੈਦਾ ਹੋਣ ਦੀ ਗੱਲ ਬਾਰੇ ਤਕਰੀਬਨ ਸਭ ਸਾਇੰਸਦਾਨਾਂ ਦੀ ਸਹਿਮਤੀ ਹੈ, ਪਰ ਕਦੋਂ ਬਾਰੇ ਅਜੇ ਕੁੱਝ ਵੱਖਰੇ ਵੱਖਰੇ ਵਿਚਾਰ ਚੱਲ ਰਹੇ ਹਨ। ਇਨ੍ਹਾਂ ਵਖਰੇਵਿਆਂ ਦੇ ਕਾਰਨ ਵੀ ਹਨ, ਪਰ ਸਾਇੰਸਦਾਨ ਲਗਾਤਾਰ ਇਨ੍ਹਾਂ ਮੁੱਦਿਆਂ ਤੇ ਕੰਮ ਕਰ ਰਹੇ ਹਨ ਤੇ ਛੇਤੀ ਹੀ ਅਜਿਹੇ ਮਸਲੇ ਵੀ ਨਜਿੱਠ ਲਏ ਜਾਣਗੇ।

ਮਨੁੱਖ ਦੇ ਵਣਮਾਹਣੂੰਆਂ ਦੇ ਰਿਸ਼ਤੇਦਾਰ ਹੋਣ ਦੀ ਗੱਲ ਪਹਿਲਾਂ ਕਰਮ-ਵਿਕਾਸ ਵਿਧੀ ਦੇ 'ਕੁਦਰਤੀ ਚੋਣ' ਦਾ ਸਿਧਾਂਤ ਦੇਣ ਵਾਲ਼ੇ ਚਾਰਲਜ਼ ਡਾਰਵਿਨ ਨੇ 1871 'ਚ ਕੀਤੀ ਸੀ। ਓਦੋਂ ਅਜੇ ਫੌਸਿਲਾਂ ਤੇ ਜੀਨਾਂ ਵਾਲ਼ੇ ਸਬੂਤਾਂ ਦੀ ਕੋਈ ਉੱਘ-ਸੁੱਘ ਵੀ ਨਹੀਂ ਸੀ। ਪਰ ਡਾਰਵਿਨ ਦੀ ਨਜ਼ਰ ਦੀ ਦਾਦ ਦੇਣੀ ਬਣਦੀ ਹੈ ਕਿ ਉਸ ਨੇ ਮਨੁੱਖੀ ਐਂਬਰੀਓ (ਭਰੂਣ) ਦੀ ਬਣਤਰ ਦੀ ਕੁੱਤੇ ਤੇ ਹੋਰ ਜਾਨਵਰਾਂ ਦੀ ਭਰੂਣ-ਬਣਤਰ ਨਾਲ਼ ਮਿਲਣ, ਖੋਪਰੀ ਦੀ ਬਣਤਰ, ਲੱਤਾਂ-ਬਾਹਾਂ ਤੇ ਸਾਰੇ ਢਾਂਚੇ ਦੀ ਬਣਤਰ ਦੇ ਬਾਕੀ ਜਾਨਵਰਾਂ ਨਾਲ਼ ਮਿਲਣ ਆਦਿ ਦੇ ਸਬੂਤਾਂ ਦੇ ਅਧਾਰ ਤੇ ਹੀ ਇਹ ਗੱਲ ਸਾਬਤ ਕਰ ਦਿੱਤੀ ਸੀ ਕਿ ਮਨੁੱਖ ਤੇ ਬਾਕੀ ਥਣਧਾਰੀ ਜਾਨਵਰ (ਬਾਂਦਰ, ਚਿੰਪੈਂਜ਼ੀਆਂ

ਸਣੇ) ਰਿਸ਼ਤੇਦਾਰ ਹਨ। ਜਾਣੀ ਕਿ ਸਾਡਾ ਸਾਰਿਆਂ ਦਾ ਸਾਂਝਾ ਪਿਛੋਕੜ ਹੈ ਜਾਂ ਕਹਿ ਲਓ ਕਿ ਸਾਡੇ ਪੁਰਖੇ ਇੱਕੋ ਹੀ ਸਨ। ਡਾਰਵਿਨ ਦੀ ਇਸ ਕਿਤਾਬ ਦਾ ਨਾਂ ਸੀ, *ਆਦਮੀ ਦੀ ਪੈਦਾਇਸ਼ (ਡਿਸੈਂਟ ਆਫ਼ ਮੈਨ)*। ਡਾਰਵਿਨ (1871, ਜਨਰਲ ਸਮਰੀ ਐਂਡ ਕਨਕਲੂਜ਼ਨ) ਮੁਤਾਬਿਕ "ਜੋ ਵੀ ਆਪਣੇ ਆਪ ਨੂੰ ਜਾਂਗਲ਼ੀ ਨਹੀਂ ਸਮਝਦਾ ਉਹ ਇਹ ਨਹੀਂ ਸੋਚ ਸਕਦਾ ਕਿ ਸਾਡੀ ਪੈਦਾਇਸ਼ ਬਾਕੀ ਜਾਨਵਰਾਂ ਨਾਲ਼ੋਂ ਵੱਖਰੀ ਹੋਈ ਹੋਵੇਗੀ।" ਉਸ ਮੁਤਾਬਿਕ ਇੰਨਾ ਕੁ ਕੁੱਝ ਸਾਬਤ ਕਰਨ ਲਈ ਓਦੋਂ ਪੇਸ਼ ਕੀਤੇ ਸਬੂਤ ਕਾਫ਼ੀ ਸਨ। ਅੱਜ-ਕੱਲ੍ਹ ਤਾਂ ਸਾਡੇ ਕੋਲ਼ ਹਜ਼ਾਰਾਂ ਹੋਰ ਸਬੂਤ ਵੀ ਹਨ।

## ਮਨੁੱਖ ਦਾ ਵਿਕਾਸ

ਮਨੁੱਖ ਦੇ ਵਿਕਾਸ ਦੀ ਪੂਰੀ ਕਹਾਣੀ ਤਾਂ ਆਪਣੀ ਧਰਤੀ ਤੇ ਸਾਰੇ ਜੀਵਾਂ ਦੇ ਵਿਕਾਸ ਦੀ ਕਹਾਣੀ ਦਾ ਇੱਕ ਹਿੱਸਾ ਹੀ ਹੈ ਜੋ ਸਾਢੇ ਤਿੰਨ ਅਰਬ ਸਾਲ ਪੁਰਾਣੀ ਹੈ। ਸਾਡੀ ਧਰਤੀ ਕੁੱਲ ਸਾਢੇ ਚਾਰ ਅਰਬ ਸਾਲ ਪੁਰਾਣੀ ਹੈ। ਇੱਕ ਅਰਬ ਸਾਲ 'ਚ ਇਹ ਇੰਨੀ ਕੁ ਠੰਢੀ ਹੋਈ ਸੀ ਕਿ ਇਸ ਤੇ ਜ਼ਿੰਦਗੀ ਹੋਂਦ 'ਚ ਆ ਸਕੇ। ਮਨੁੱਖੀ ਜੀਨਸ (*ਹੋਮੋ*) ਦਾ ਪੂਰਵਜ *ਅਸਟਰੈਲੋਪਿਥੈੱਕਸ* ਨਾਲੋਂ ਵਖਰੇਵਾਂ 23-24 ਲੱਖ (2.3 -2.4 ਮਿਲੀਅਨ) ਸਾਲ ਪਹਿਲਾਂ ਅਫਰੀਕਾ ਵਿੱਚ ਹੋਇਆ ਸੀ। ਚਿੰਪੈਂਜ਼ੀ-ਵਣਮਾਹਣੂੰਆਂ ਨਾਲ਼ੋਂ ਇਨ੍ਹਾਂ ਦੇ ਵਡਾਰੂ 50-70 ਲੱਖ ਸਾਲ ਪਹਿਲਾਂ ਵੱਖ ਹੋਏ ਸਨ। *ਹੋਮੋ* ਜੀਨਸ ਦੀਆ ਕਈ ਜਾਤੀਆਂ ਜਿਵੇਂ ਕਿ *ਹੋਮੋ ਇਰੈਕੱਟਸ, ਹੋ. ਨਿਐਂਡਰਥਲੈਂਸਿਸ, ਹੋ. ਹੈਬਿਲਿਸ, .....* ਖਤਮ ਹੋ ਚੁੱਕੀਆਂ ਹਨ। ਇਸ ਜੀਨਸ ਦੀ ਸਿਰਫ ਸਾਡੀ ਸਪੀਸੀ *ਹੋਮੋ ਸੇਪੀਅਨਜ਼ ਸੇਪੀਅਨਜ਼* ਹੀ ਇਸ ਵਕਤ ਜ਼ਿੰਦਾ ਹੈ। ਇਹ ਮਨੁੱਖ ਦਾ ਸਾਇੰਸ ਵਾਲ਼ਾ ਨਾਂ ਹੈ ਜੋ ਸਾਰੀ ਦੁਨੀਆ ਦੇ ਸਾਇੰਸਦਾਨ ਸਮਝਦੇ ਹਨ। *ਹੋਮੋ* ਦਾ ਮਤਲਬ ਇਨਸਾਨ ਬਣਦਾ ਹੈ। ਇਹ ਸ਼ਬਦ ਲਾਤੀਨੀ ਭਾਸ਼ਾ ਦੇ ਅਧਾਰ ਤੋਂ ਆਇਆ ਹੈ ਤੇ *ਸੇਪੀਅਨਜ਼* ਤੋਂ ਭਾਵ ਬਣਦਾ ਹੈ ਸਿਆਣਾ ਜਾਣੀ ਕਿ ਉਹ ਮਨੁੱਖ ਜੋ ਸਿਆਣਾ ਹੈ। ਇਸੇ ਤਰਾਂ *ਹੋਮੋ ਇਰੈਕੱਟਸ* ਦਾ ਮਤਲਬ ਸਿੱਧਾ-ਮਨੁੱਖ ਬਣਦਾ ਹੈ ਕਿਉਂਕਿ ਇਹ ਮਨੁੱਖੀ ਜਾਤੀ ਪਹਿਲੀ ਸੀ ਜੋ ਸਿੱਧੀ ਜਾਣੀ ਕਿ ਦੋ ਪੈਰਾਂ ਤੇ ਤੁਰਨ ਲੱਗੀ ਸੀ।

ਡਾਇਨੋਸਾਰਾਂ ਦੇ ਖਤਮ ਹੋਣ ਵੇਲ਼ੇ ਜਾਂ ਕਹਿ ਲਓ ਕਿ 14.5 ਕਰੋੜ ਤੋਂ 6.5 ਕਰੋੜ (145 - 65 ਮਿਲੀਅਨ) ਸਾਲ ਪਹਿਲਾਂ ਥਣਧਾਰੀ ਜਾਨਵਰਾਂ (ਮੈਮਲਜ਼) ਦਾ ਜਨਮ ਹੋਇਆ (ਵਿਬਲ ਤੇ ਸਾਥੀ, 2007)। ਡਾਇਨੋਸਾਰਾਂ ਦੇ ਖਾਤਮੇ ਲਈ ਸਭ ਤੋਂ ਤਕੜਾ ਸਬੂਤ ਤਾਂ ਇੱਕ ਵੱਡੇ ਉਲਕਾਪਾਤੀ ਪੱਥਰ ਦਾ ਧਰਤੀ ਤੇ ਗਿਰਨਾ (ਮੈੱਕਸੀਕੋ ਖਾੜੀ ਖੇਤਰ 'ਚ) ਅਤੇ ਧਰਤੀ ਦਾ ਕਈ ਸਾਲਾਂ ਤੱਕ ਧੂੜ ਨਾਲ਼ ਢਕੇ ਰਹਿਣਾ ਦੱਸਿਆ ਜਾਂਦਾ ਹੈ ਜਿਸ ਨੇ ਦਿਓ ਕੱਦੇ ਡਾਇਨੋਸਾਰਾਂ ਦੀ ਖੁਰਾਕ ਮੁਕਾ ਦਿੱਤੀ ਅਤੇ ਵਿਚਾਰੇ ਡਾਇਨੋਸਾਰ ਸਦਾ ਲਈ ਅਲੋਪ ਹੋ ਗਏ। ਇੱਕ ਵਿਚਾਰ ਇਹ ਵੀ ਹੈ ਕਿ ਕੁੱਝ ਥਣਧਾਰੀ ਜਾਨਵਰ ਡਾਇਨੋਸਾਰਾਂ ਦੇ ਆਂਡੇ ਖਾਣ ਵਾਲ਼ੇ ਪੈਦਾ ਹੋ ਗਏ। ਉਨ੍ਹਾਂ ਨੇ ਵੀ ਡਾਇਨੋਸਾਰਾਂ ਦੇ ਧਰਤੀ ਤੋਂ ਖਾਤਮੇ 'ਚ ਵੱਡਾ ਹਿੱਸਾ ਪਾਇਆ ਹੋ ਸਕਦਾ ਹੈ। ਇਸ ਤਰਾਂ 30 ਮਿਲੀਅਨ (3 ਕਰੋੜ) ਸਾਲ ਪਹਿਲਾਂ ਇਨ੍ਹਾਂ ਥਣਧਾਰੀਆਂ ਵਿੱਚੋਂ ਹੀ ਪਰਾਈਮੇਟਾਂ (ਮਨੁੱਖ, ਬਾਂਦਰਾਂ, ਚਿੰਪੈਂਜ਼ੀ ਤੇ ਬੈਬੂਨਾਂ ਵਾਲ਼ਾ ਗਰੁੱਪ) ਦਾ ਜਨਮ ਹੋਇਆ।

ਕੋਈ 3.3 ਕਰੋੜ (33 ਮਿਲੀਅਨ) ਸਾਲ ਪਹਿਲਾਂ ਬਾਂਦਰਾਂ ਦੀ ਪੈਦਾਇਸ਼ ਹੋਈ। ਕੁੱਝ ਸਮਾਂ ਬਾਅਦ 2.3 ਕਰੋੜ ਸਾਲ ਪਹਿਲਾਂ ਫਿਰ ਪੂਛ ਰਹਿਤ ਬਾਂਦਰ ਜਾਂ ਕਹਿ ਲਓ ਕਿ ਏਪ ਪੈਦਾ ਹੋਏ ਜੋ ਕਦੇ ਕਦੇ ਆਪਣੀ ਪਿਛਲੀਆਂ ਲੱਤਾਂ ਦੇ ਸਹਾਰੇ ਖੜੇ ਹੋ ਜਾਂਦੇ ਸਨ ਤੇ ਆਪਣੇ ਮੂਹਰਲੇ ਅੰਗਾਂ ਜਾਂ ਬਾਹਾਂ-ਹੱਥਾਂ ਨਾਲ਼ ਆਪਣੀ ਖੁਰਾਕ ਆਦਿ ਕੱਠੀ ਕਰ ਸਕਦੇ ਤੇ ਖਾ ਸਕਦੇ ਸਨ। ਫਿਰ ਇਸ ਤਰਾਂ ਮਨੁੱਖੀ ਸ਼ਕਲ ਦੇ ਨੇੜੇ ਤੇੜੇ ਵਾਲ਼ੇ ਜੀਵ ਪੈਦਾ ਹੋਏ ਜੋ ਸਾਡੇ ਪੁਰਖਿਆਂ ਦੇ ਪੁਰਖੇ ਬਣੇ। ਛੋਟੀਆਂ ਮੋਟੀਆਂ ਕਈ ਗੱਲਾਂ ਨੂੰ ਛੱਡ ਕੇ ਜ਼ਿਆਦਾਤਰ ਵਿਗਿਆਨੀ ਮਨੁੱਖ ਦੇ ਅਫਰੀਕਾ 'ਚ ਪੈਦਾ ਹੋ ਕੇ ਬਾਕੀ ਦੁਨੀਆਂ 'ਚ ਪਸਾਰੇ ਨੂੰ ਠੀਕ ਸਮਝਦੇ ਹਨ। ਇਨ੍ਹਾਂ ਚੀਜ਼ਾਂ ਦੇ ਵਿਸਥਾਰ ਲਈ ਤੁਸੀਂ ਇਸ ਲੇਖ ਦੇ ਅਖੀਰ 'ਚ ਦਿੱਤੇ ਹਵਾਲਿਆਂ ਵਾਲ਼ੇ ਲੇਖ ਪੜ੍ਹ ਲੈਣਾ।

## ਦਿਸਦੇ ਵਖਰੇਵੇਂ

ਅਫਰੀਕਨ ਕਾਲ਼ੇ ਲੋਕ, ਯੂਰਪੀਅਨ ਗੋਰੇ, ਚੀਨੀ ਜਾਂ ਮੌਂਗੋਲ ਕਿਸਮ, ਭਾਰਤੀ ਉੱਪਮਹਾਂਦੀਪ ਵਾਲ਼ੇ ਮਧਰੰਗੇ ਲੋਕ, ਅਤੇ ਅਮਰੀਕਨ ਜਾਂ ਅਸਟਰੇਲੀਅਨ ਆਦਿਵਾਸੀ ਦੇਖਿਆਂ ਪਛਾਣ 'ਚ ਆ ਸਕਦੇ ਹਨ। ਕਿਉਂਕਿ ਇਹ ਆਪਸ ਵਿੱਚ ਮਿਲਦੇ, ਵਿਆਹ ਰਚਾਉਂਦੇ ਤੇ ਬੱਚੇ ਵੀ ਪੈਦਾ ਕਰ ਸਕਦੇ/ਕਰਦੇ ਹਨ ਇਸ ਲਈ ਇਨ੍ਹਾਂ ਦੀਆਂ ਮਿਲੀਆਂ ਜੁਲੀਆਂ ਕਿਸਮਾਂ ਵੀ ਹੋਂਦ 'ਚ ਆਈਆਂ ਹੋਈਆਂ ਹਨ। ਜੇ ਸਾਢੇ ਛੇ ਅਰਬ ਲੋਕਾਂ ਨੂੰ ਰੰਗ ਤੇ ਪਛਾਣ ਚਿੰਨਾਂ ਮੁਤਾਬਿਕ ਇੱਕ ਲਾਈਨ 'ਚ ਖੜ੍ਹਾ ਕੀਤਾ ਜਾਵੇ ਤਾਂ ਇੱਕ ਲਾਗਤਾਰਤਾ ਦਾ ਅਹਿਸਾਸ ਹੋਵੇਗਾ। ਦੂਜੇ ਸ਼ਬਦਾਂ 'ਚ ਥੋੜ੍ਹੇ ਫਰਕਾਂ ਵਾਲ਼ੇ ਲੋਕ ਵੀ ਹਨ ਤੇ ਬਹੁਤਿਆਂ ਵਾਲ਼ੇ ਵੀ, ਪਰ ਸਪੀਸੀ ਜਾਂ ਜਾਤੀ ਸਭ ਦੀ ਇੱਕੋ ਹੈ, ਉਹ ਹੈ: *ਹੋਮੋ ਸੇਪੀਅਨਜ਼ ਸੇਪੀਅਨਜ਼*।

ਆਪਣੇ ਇੱਕ ਜੀਨ A326G (rs642742) 'ਚ ਆਏ ਬਦਲਾਅ ਕਾਰਨ ਸਾਡੀ ਚਮੜੀ ਦਾ ਰੰਗ ਵੱਖਰਾ ਵੱਖਰਾ ਹੈ। ਵੈਸੇ ਚਮੜੀ ਦਾ ਰੰਗ ਕਈ ਜੀਨਾਂ ਤੇ ਅਧਾਰਿਤ ਹੁੰਦਾ ਹੈ, ਪਰ ਇਹ ਕੱਲਾ ਹੀ ਜੀਨ 15-20% ਰੰਗ ਦੇ ਫਰਕ ਨਾਲ਼ ਸਬੰਧਤ ਹੈ। ਇਹ

ਜੀਨ 80% ਯੂਰਪੀਅਨ ਤੇ ਏਸ਼ੀਅਨ ਜਨਤਾ ’ਚ ਹੈ ਜਦੋਂ ਕਿ ਅਫਰੀਕਾ ਵਿੱਚ ਇਹ ਸਿਰਫ਼ 10% ਲੋਕਾਂ ’ਚ ਹੀ ਹੈ। ਇਸ ਦਾ ਮਤਲਬ ਸਾਫ਼ ਹੈ ਕਿ ਇਸ ਜੀਨ ਵਾਲ਼ੇ ਮਨੁੱਖ ਅਫਰੀਕਾ ਮਹਾਂਦੀਪ ਦੀਆਂ ਹਾਲਤਾਂ ’ਚ ਨਹੀਂ ਜੀ ਸਕੇ। ਇਹ ਹਲਕੇ ਰੰਗ ਦੀ ਚਮੜੀ ਧੁੱਪ ’ਚ ਵਿਟਾਮਿਨ ਡੀ ਤਾਂ ਝੱਟ ਬਣਾ ਲੈਂਦੀ ਹੈ, ਪਰ ਜ਼ਿਆਦਾ ਧੁੱਪ ’ਚ ਫੋਲਿਕ ਐਸਿਡ (ਵਿਟਾਮਿਨ ਬੀ ਦੀ ਇੱਕ ਕਿਸਮ) ਇਸ ਕਾਰਨ ਖਤਮ ਹੋ ਜਾਂਦੀ ਹੈ। ਗੋਰਿਆਂ ਨੂੰ ਧੁੱਪ ਕਾਰਨ ਚਮੜੀ ਸੜਨ ਦਾ ਸੰਤਾਪ ਵੀ ਹੰਢਾਉਣਾ ਪੈਂਦਾ ਹੈ ਜੋ ਓਦੋਂ ਸ਼ਾਇਦ ਚਮੜੀ-ਕੈਂਸਰ ਆਦਿ ਦਾ ਕਾਰਨ ਬਣਦਾ ਹੋਊ ਤੇ ਅਫਰੀਕਨ ਗੋਰੇ ਲੋਕੀਂ ਇਸ ਬਿਮਾਰੀ ਦਾ ਸ਼ਿਕਾਰ ਵੀ ਹੋ ਜਾਂਦੇ ਰਹੇ ਹੋਣਗੇ। ਅੱਜ ਤਾਂ ਅਸੀਂ ਇਨ੍ਹਾਂ ਮੁਸ਼ਕਲਾਂ ਦਾ ਹੱਲ ਲੱਭ ਲਿਆ ਹੋਇਆ ਹੈ, ਪਰ ਉਦੋਂ ਇਨ੍ਹਾਂ ਹਾਲਤਾਂ ’ਚ ਲੋਕ ਮਰ-ਮੁੱਕ ਜਾਂਦੇ ਸਨ ਅਤੇ ਜੋ ਉਨ੍ਹਾਂ ਹਾਲਤਾਂ ’ਚ ਫਿੱਟ ਸਨ ਉਹੀ ਬਚਦੇ ਸਨ।

ਗੂੜ੍ਹੇ ਰੰਗ ਦੀ ਚਮੜੀ ਦਾ ਅਫਰੀਕਾ ਦੀਆਂ ਹਾਲਤਾਂ ’ਚ ਕਾਮਯਾਬ ਹੋਣ ਦਾ ਇੱਕ ਹੋਰ ਸਬੱਬ ਵੀ ਬਣਿਆ ਹੋਊ, ਉਹ ਹੈ ਕਿ ਸੰਘਣੇ ਜੰਗਲ਼ਾਂ ਵਿੱਚ ਕਾਲ਼ੀ ਚਮੜੀ ਵਾਲ਼ੇ ਲੋਕ ਸ਼ਿਕਾਰ ’ਚ ਜ਼ਿਆਦਾ ਕਾਮਯਾਬ ਹੋਣਗੇ ਤੇ ਗੋਰੇ ਘੱਟ ਕਿਉਂਕਿ ਗੋਰਿਆਂ ਨੂੰ ਸ਼ਿਕਾਰ ਜਲਦੀ ਭਾਂਪ ਸਕਦਾ ਹੋਵੇਗਾ। ਸੋ ਜੇ ਤੁਸੀਂ ਆਪਣੇ ਪਰਿਵਾਰ ਲਈ ਰੋਟੀ ਨਹੀਂ ਜੋੜ ਸਕੋਂਗੇ ਤਾਂ ਤੁਹਾਡਾ ਘਰੋਂ ਨਿੱਕਲ਼ਣਾ ਤਹਿ ਹੀ ਹੈ। ਬੱਸ ਕੁੱਝ ਇੱਦਾਂ ਹੀ ਗੋਰੇ ਅਫਰੀਕਾ ’ਚ ਖਤਮ ਹੋਏ ਹੋਣਗੇ। ਪਰ ਜਦੋਂ ਇਨ੍ਹਾਂ ’ਚੋਂ ਕੁੱਝ ਲੋਕ ਟੋਲੀਆਂ ’ਚ ਉੱਤਰ ਵੱਲ ਗਏ ਤਾਂ ਉੱਥੇ ਇਹ ਹਾਲਤਾਂ ਉਲਟ ਹੋ ਗਈਆਂ। ਅਫਰੀਕਾ ਵਾਲ਼ੀ ਧੁੱਪ ਦੀ ਬਹੁਤਾਤ ਖਤਮ ਹੋ ਗਈ, ਠੰਢ ਦਾ ਮੌਸਮ ਵੀ ਆਉਣ ਲੱਗ ਪਿਆ। ਲੋਕ ਠੰਢ ਤੋਂ ਬਚਣ ਲਈ ਗੁਫਾਵਾਂ ’ਚ ਵੀ ਰਹਿਣ ਲੱਗ ਪਏ। ਇਸ ਸਭ ਕਾਸੇ ਨੇ ਕਾਲ਼ਿਆਂ ਲਈ ਵਿਟਾਮਿਨ ਡੀ ਦੀ ਘਾਟ ਪੈਦਾ ਕੀਤੀ, ਪਰ ਗੋਰਿਆਂ ਦੀ ਚਮੜੀ ਥੋੜ੍ਹੀ ਦੇਰ ’ਚ ਹੀ ਇਹ ਘਾਟ ਪੂਰੀ ਕਰਨ ਦੀ ਸਮਰੱਥਾ ਰੱਖਦੀ ਸੀ। ਦੂਜੀ ਗੱਲ ਇਹ ਕਿ ਉੱਤਰੀ ਹਾਲਤਾਂ ਖਾਸ ਕਰਕੇ ਬਰਫਾਂ ਵਾਲ਼ੇ ਦਿਨਾਂ ’ਚ ਗੋਰਿਆਂ ਸ਼ਿਕਾਰੀਆਂ ਨੂੰ ਜ਼ਿਆਦਾ ਢੁਕਦੀਆਂ ਸਨ ਕਿਉਂਕਿ ਬਰਫ਼ ਨਾਲ਼ ਢਕੇ ਵਿਰਲੇ ਜੰਗਲ਼ਾਂ ’ਚ ਗੋਰੇ ਰੰਗ ਵਾਲ਼ੇ ਲੋਕ ਕਾਲ਼ਿਆਂ ਨਾਲ਼ੋਂ ਦਿਸਣੇ ਔਖੇ ਹੋਣਗੇ। ਇਸ ਤਰਾਂ ਸ਼ਿਕਾਰ (ਹਿਰਨ ਤੇ ਮੈਮਥ ਬਗੈਰਾ) ਨੂੰ ਕਾਲ਼ੇ ਸ਼ਿਕਾਰੀ ਤਾਂ ਚਿੱਟੀ ਬਰਫ਼ ਦੇ ਪਿਛੋਕੜ ’ਚ ਸਾਫ਼ ਦਿਸ ਜਾਂਦੇ ਹੋਣਗੇ, ਪਰ ਗੋਰੇ ਨਹੀਂ। ਕਾਲ਼ੇ ਸ਼ਿਕਾਰੀ ਇੱਕ ਤਾਂ ਵਿਟਾਮਿਨ ਡੀ ਦੀ ਘਾਟ ਦੇ ਮਾਰੇ ਹੋਏ (ਕਮਜ਼ੋਰੀ ਦੀ ਹਾਲਤ ’ਚ) ਤੇ ਦੂਜੇ ਸ਼ਿਕਾਰ ਨੂੰ ਝੱਟ ਦਿਸ ਜਾਣ ਕਾਰਨ ਸ਼ਿਕਾਰ ਕਰਨ ’ਚ ਅਸਫਲ ਹੋ ਜਾਂਦੇ ਸਨ। ਨਤੀਜਾ ਇਹ ਹੋਇਆ ਕਿ ਅਫਰੀਕਾ ਕਾਲ਼ਿਆਂ ਨਾਲ਼ ਤੇ ਯੂਰੇਸ਼ੀਆ ਗੋਰਿਆਂ ਨਾਲ਼ ਭਰ ਗਿਆ।

ਮਨੁੱਖੀ ਚਮੜੀ ਦੇ ਰੰਗ ਦਾ ਗੂੜ੍ਹਾਪਣ/ਗੋਰਾਪਣ ਮਿਣਨ ਦਾ ਯੰਤਰ ਤਿਆਰ ਕਰ ਲਿਆ ਗਿਆ ਹੈ। ਇਸ ਨਾਲ਼ ਮਿਣ ਕੇ ਦੇਖਿਆ ਗਿਆ ਹੈ ਕਿ ਯੂਰਪੀਅਨਾਂ ਗੋਰਿਆਂ ਦੀ ਚਮੜੀ ਦਾ ਚਮਕਣ-ਅੰਕ 62-69 ਹੈ ਅਤੇ ਮੌਂਗੋਲ ਜਾਂ ਪੂਰਬੀ ਏਸ਼ੀਅਨਾਂ ਦੀ ਚਮੜੀ ਦਾ ਚਮਕਣ-ਅੰਕ 50-59 ਹੈ। ਅਫਰੀਕਨ ਲੋਕ ਸਭ ਤੋਂ ਘੱਟ ਚਮਕਣ ਵਾਲ਼ੇ ਹਨ, ਇਨ੍ਹਾਂ ਦਾ ਚਮਕਣ-ਅੰਕ 19 ਤੋਂ46 ਤੱਕ ਮਿਣਿਆ ਗਿਆ ਹੈ। ਪਰ ਜਦੋਂ ਇਨ੍ਹਾਂ ਗੋਰਿਆਂ ’ਚੋਂ ਕੁੱਝ ਅਫਰੀਕਾ ਛੱਡ ਕੇ ਉੱਤਰ ਵੱਲ ਯੂਰਪ ਜਾਂ ਏਸ਼ੀਆ ਵਾਲ਼ੇ ਪਾਸੇ ਨੂੰ ਗਏ ਤਾਂ ਹਾਲਤਾਂ ਵੱਖਰੀਆਂ ਹੋਣ ਕਾਰਨ ਇਹ ਜਿਉਂਦੇ ਰਹੇ। ਉੱਤਰੀ ਤੇ ਪੱਛਮੀ ਏਸ਼ੀਆ ਅਤੇ ਯੂਰਪ ਖੇਤਰਾਂ ’ਚ ਇਸ ਜੀਨ ਵਾਲ਼ੇ (ਗੋਰੇ) ਲੋਕਾਂ ਨੂੰ ਅਜਿਹੀ ਕੋਈ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪਿਆ। ਸਗੋਂ ਕਾਲ਼ੀ ਚਮੜੀ ਵਾਲ਼ੇ ਲੋਕਾਂ ਨੂੰ ਇਨ੍ਹਾਂ ਇਲਾਕਿਆਂ ’ਚ ਹੋਰ ਮੁਸ਼ਕਿਲਾਂ ਆਈਆਂ ਜੋ ਆਪਾਂ ਪਹਿਲਾਂ ਪੜ੍ਹ ਚੁੱਕੇ ਹਾਂ। ਜਿਹੜੇ ਟੋਲੇ ਭਾਰਤੀ ਉੱਪ-ਮਹਾਂਦੀਪ ਪਹੁੰਚੇ ਉਹ ਦੋਨੋਂ ਤਰਾਂ ਦੇ ਜਿਉਂਦੇ ਰਹੇ। ਦਰਾਵਿੜ ਲੋਕ ਅੱਜ ਵੀ ਉਨ੍ਹਾਂ ਪੂਰਵਜਾਂ ਦੀ ਪਛਾਣ ਹਨ। ਮਹਾਤਮਾ ਬੁੱਧ ਦੀ ਸ਼ਕਲ (ਉਸ ਦੇ ਬੁੱਤਾਂ ’ਚ) ਅਸੀਂ ਬੇਸ਼ੱਕ ਬਦਲ ਲਈ ਹੈ, ਪਰ ਵਾਲ਼ ਅਜੇ ਵੀ ਉਹੋ ਅਫਰੀਕਨਾਂ ਵਾਲ਼ੇ ਹੀ ਹਨ। ਮੈਨੂੰ ਲਗਦਾ ਹੈ ਕਿ ਮਹਾਤਮਾ ਬੁੱਧ ਵੀ ਕਾਲ਼ਾ ਹੀ ਹੋਵੇਗਾ। ਸਾਡੇ ਦੇਸ਼ ’ਚ ਹਾਲਤਾਂ ਅਫਰੀਕਾ ਤੇ ਯੂਰਪ ਦੋਹਾਂ ਦੇ ਵਿਚਕਾਰ ਜਿਹੀਆਂ ਸਨ, ਇਸ ਲਈ ਦੋਨੋਂ ਤਰਾਂ ਦੇ ਲੋਕ ਕਾਮਯਾਬ ਰਹੇ ਹੋਣਗੇ। ਇੰਡੋਨੇਸ਼ੀਅਨ, ਗਿਨੀਅਨ, ਅਸਟਰੇਲੀਅਨ ਤੇ ਨਿਊਜ਼ੀਲੈਂਡ ਦੇ ਆਦਿਵਾਸੀ ਮੇਰੀ ਇਸ ਰਾਇ ਦੀ ਹਾਮੀ ਭਰਦੇ ਹਨ। ਇਹ ਸਭ ਭਾਰਤੀ ਉੱਪ-ਮਹਾਂਦੀਪ ਰਾਹੀਂ ਹੀ ਇਨ੍ਹਾਂ ਸਾਰੀਆਂ ਥਾਵਾਂ ਤੇ ਪਹੁੰਚੇ ਸਨ। ਮੈਂ ਡਾਰਵਿਨ (1871) ਦੀ ਕਾਮੁਕ (ਸੈਕਸੁਅਲ) ਚੋਣ ਦੇ ਖਿਆਲ ਨਾਲ਼ ਸਹਿਮਤ ਨਹੀਂ ਹਾਂ ਜਿਸ ਮੁਤਾਬਿਕ ਉਸਦਾ ਵਿਚਾਰ ਸੀ ਕਿ ਇਨਸਾਨੀ ਕਿਸਮਾਂ ਸਿਰਫ ਔਰਤਾਂ ਦੇ ਬੰਦੇ ਦਾ ਰੰਗ ਪਸੰਦ ਕਰਨ ਕਾਰਨ ਵੱਖਰੀ ਵੱਖਰੀ ਤਰਾਂ ਦੇ ਲੋਕ ਅਫਰੀਕਾ ਤੇ ਯੂਰਪ ’ਚ ਪੈਦਾ ਹੋਏ ਸਨ। ਜੇ ਇਉਂ ਹੋਇਆ ਹੁੰਦਾ ਤਾਂ ਗੋਰੇ ਤੇ ਕਾਲ਼ੇ ਦੋਨੋਂ ਤਰਾਂ ਦੇ ਆਦਿਵਾਸੀ ਸਭ ਥਾਵਾਂ ਤੇ ਮਿਲਣੇ ਚਾਹੀਦੇ ਸਨ। ਪਰ ਸਚਾਈ ਇਹ ਨਹੀਂ ਹੈ, ਇਸ ਲਈ ਡਾਰਵਿਨ ਦਾ ਇਹ ਵਿਚਾਰ ਸਹੀ ਨਹੀਂ ਕਿਹਾ ਜਾ ਸਕਦਾ।

## ਅਫਰੀਕਾ ਦੀ ਪੈਦਾਇਸ਼ ਬਾਰੇ ਸਬੂਤ

ਭਾਵੇਂ ਮਨੁੱਖੀ ਵਿਕਾਸ ਦੇ ਕੁੱਝ ਸਾਇੰਸਦਾਨ ਇਸ ਗੱਲ ਨਾਲ਼ ਪੂਰੀ ਸਹਿਮਤੀ ਨਹੀਂ ਦਿਖਾਉਂਦੇ ਕਿ ਅਜੋਕਾ ਮਨੁੱਖ ਅਫਰੀਕਾ ਤੋਂ ਪੈਦਾ ਹੋ ਕੇ ਬਾਹਰ ਆਇਆ ਹੈ, ਪਰ ਜ਼ਿਆਦਾਤਰ ਇਸ ਵਿਚਾਰ ਨਾਲ਼ ਸਹਿਮਤ ਹਨ। ਜਿਹੜੇ ਵੱਖਰੇ ਵਿਚਾਰ ਵਾਲ਼ੇ ਵੀ ਹਨ, ਉਨ੍ਹਾਂ ਦਾ ਖਿਆਲ ਇਹ ਹੈ ਕਿ ਅਜੋਕਾ ਮਨੁੱਖ *(ਹੋਮੋ ਸੇਪੀਅਨਜ਼ ਸੇਪੀਅਨਜ਼)* ਅਫਰੀਕਾ ਤੋਂ ਪਹਿਲਾਂ ਹੀ ਬਾਹਰ ਆਏ ਹੋਏ ਸਿੱਧੇ-ਇਨਸਾਨ *(ਹੋਮੋ ਇਰੈਕਟਸ)* ਤੇ ਨਿਐਂਡਰਥਲੀ ਇਨਸਾਨ *(ਹੋਮੋ ਨਿਐਂਡਰਥਲੈਂਸਿਸ)* ਦੀਆਂ ਆਪਸੀ ਮਿਲਣੀਆਂ ਦੀ ਸਾਂਝੀ ਉਪਜ ਹੈ। ਪਰ ਇਸ ਵਿਚਾਰ ਨੂੰ ਸਹਾਰਾ ਦੇਣ ਵਾਲ਼ਿਆਂ ਸਬੂਤਾਂ ਦੀ ਘਾਟ ਇਸ ਨੂੰ ਅਜੇ ਨਕਾਰਦੀ ਹੀ ਹੈ।

ਅਸੀਂ ਸਾਰੇ ਇਨਸਾਨ ਆਪਣੇ ਜੀਨਾਂ ਮੁਤਾਬਿਕ 99.9% ਇੱਕ-ਦੂਜੇ ਨਾਲ਼ ਮਿਲਦੇ ਹਾਂ, ਸਿਰਫ਼ 0.1% ਦਾ ਫਰਕ ਹੈ ਜੋ ਸਾਡੇ ਦਿਸਦੇ ਫਰਕਾਂ ਲਈ ਜ਼ਿੰਮੇਵਾਰ ਹੈ। ਆਪਣੇ ਚਮੜੀ ਦੇ ਰੰਗ, ਅੱਖਾਂ ਦੇ ਰੰਗ, ਬਿਮਾਰੀ ਲੱਗਣ ਦੇ ਸੰਭਾਵੀ ਖਤਰੇ ਆਦਿ ਸਭ ਇਸ ਛੋਟੇ ਜਿਹੇ ਫਰਕ ਕਾਰਨ ਹੀ ਹਨ। ਵੈਸੇ ਸਾਡੇ ਰਹਿਣ ਦਾ ਵਾਤਾਵਰਣ ਵੀ ਆਪਣਾ ਅਸਰ ਪਾਉਂਦਾ ਹੈ, ਪਰ ਮੈਂ ਇਸ ਸਮੇਂ ਸਿਰਫ ਜੀਨਾਂ ਦੇ ਅਸਰ ਦੀ ਗੱਲ ਕਰ ਰਿਹਾ ਹਾਂ। ਕਦੇ ਕਦੇ ਸਾਡੇ ਜੀਨਾਂ ’ਚ ਬਦਲਾਅ ਵੀ ਆਉਂਦੇ ਹਨ। ਜੇ ਇਹ ਬਦਲਾਅ ਘਾਤਕ ਹੋਣ ਤਾਂ ਉਹ ਇਨਸਾਨ ਜਿਉਂਦਾ ਨਹੀਂ ਰਹਿ ਸਕਦਾ ਤੇ ਉਸ ਇਨਸਾਨ ਦੀ ਮੌਤ ਦੇ ਨਾਲ਼ ਹੀ ਇਸ ਬਦਲਾਅ ਦੀ ਮੌਤ ਵੀ ਹੋ ਜਾਂਦੀ ਹੈ। ਪਰ ਜੇ ਬਦਲਾਅ ਘਾਤਕ ਨਾ ਹੋਵੇ ਤਾਂ ਉਸ ਇਨਸਾਨ ਦੇ ਨਾਲ਼ ਇਹ ਬਦਲਾਅ ਵੀ ਜ਼ਿੰਦਾ ਰਹਿ ਸਕਦਾ ਹੈ। ਚਮੜੀ ਦੇ ਰੰਗ ਵਾਲ਼ੇ ਜੀਨ A326G ਦਾ ਬਦਲਾਅ ਵੀ ਇਸੇ ਤਰਾਂ ਦਾ ਬਦਲਾਅ ਸੀ ਜੋ ਵੱਖਰੀਆਂ ਵੱਖਰੀਆਂ ਹਾਲਤਾਂ ’ਚ ਵੱਖ ਵੱਖ ਸੰਭਾਵਨਾਵਾਂ ਪੈਦਾ ਕਰਦਾ ਸੀ। ਇਸੇ ਨੂੰ M168 ਨਿਸ਼ਾਨੀ ਵੀ ਕਿਹਾ ਜਾਂਦਾ ਹੈ। ਯੂਰੇਸ਼ੀਅਨਾਂ ’ਚ ਇੱਕ ਹੋਰ ਨਿਸ਼ਾਨੀ ਵਾਲ਼ਾ ਜੀਨ ਜੋ ਮੱਧ-ਪੂਰਬ ਜਾਂ ਕੇਂਦਰੀ ਏਸ਼ੀਆ ’ਚ ਉੱਭਰਿਆ, ਉਹ ਹੈ M9 ਤੇ ਫਿਰ ਅਮਰੀਕਣ ਆਦਿਵਾਸੀਆਂ ’ਚ ਮਿਲਦਾ ਇੱਕ ਹੋਰ ਬਦਲਾਅ ਵੀ ਹੈ ਜੋ M3 ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। M9 ਵਾਲ਼ੀ ਨਿਸ਼ਾਨੀ M3 ਵਾਲ਼ੇ ਲੋਕਾਂ ਕੋਲ਼ ਵੀ ਹੈ, ਪਰ M168 ਵਾਲ਼ਿਆਂ ਕੋਲ਼ ਇਹ ਦੋਨੋਂ ਨਹੀਂ ਹਨ। ਇਸੇ ਤਰਾਂ M3 ਵਾਲ਼ਿਆਂ ਕੋਲ਼ ਇਹ ਸਾਰੀਆਂ ਨਿਸ਼ਾਨੀਆਂ ਹਨ, ਪਰ ਬਾਕੀ ਕਿਸੇ ਕੋਲ਼ ਨਹੀਂ। ਇਸ ਤੋਂ ਇਹੀ ਸਿੱਧ ਹੁੰਦਾ ਹੈ ਕਿ M168 ਵਾਲ਼ੀ ਮੁਢਲੀ ਪੀੜ੍ਹੀ ਹੈ ਅਤੇ ਯੂਰੇਸ਼ੀਅਨ M9 ਵਾਲ਼ੀ ਉਸ ਤੋਂ ਬਾਅਦ ਪੈਦਾ ਹੋਈ ਤੇ ਅਮਰੀਕਣ ਆਦਿਵਾਸੀਆਂ ਵਾਲ਼ੀ M3 ਸਭ ਤੋਂ ਬਾਅਦ ਵਿੱਚ। ਵੱਖ-ਵੱਖ ਥਾਵਾਂ ਤੋਂ ਮਿਲੇ ਪਥਰਾਟਾਂ ਜਾਂ ਫੌਸਿਲਾਂ ਦਾ ਬਿਓਰਾ ਵੀ ਇਹੀ ਕੁੱਝ ਬਿਆਨ ਕਰਦਾ ਹੈ।

ਜਿਵੇਂ ਪਹਿਲਾਂ ਗੱਲ ਕਰ ਚੁੱਕੇ ਹਾਂ ਕਿ ਅਫਰੀਕਾ ’ਚ ਇਹ ਬਦਲਾਅ ਜਾਂ ਮਿਊਟੇਸ਼ਨ ਘਾਤਕ ਸੀ, ਪਰ ਯੂਰਪ ਤੇ ਉੱਤਰੀ ਏਸ਼ੀਆ ’ਚ ਸਗੋਂ ਫਾਇਦੇਮੰਦ ਸੀ। ਉਸ ਮੌਸਮ ਲਈ ਉਲਟਾ ਅਫਰੀਕਾ ਵਾਲ਼ਾ ਜੀਨ ਘਾਤਕ ਸੀ। ਇੱਕ ਹੋਰ ਵੀ ਅਜਿਹੀ ਉਦਾਹਰਣ ਹੈ ਜੋ ਅਫਰੀਕਾ ਦੇ ਮਲੇਰੀਆ ਭਰਪੂਰ ਇਲਾਕੇ ’ਚ ਲੋਕਾਂ ਦੀ ਹੋਂਦ ਦਾ ਕਾਰਨ ਬਣਿਆ, ਉਹ ਹੈ ਦਾਤੀ-ਨੁੰਮਾ ਲਹੂ-ਕਮੀ (ਸਿੱਕਲ ਸੈੱਲ ਅਨੀਮੀਆ)। ਇਸ ਕਾਰਨ ਖ਼ੂਨ ਵਿਚਲੇ ਲਾਲ ਸੈੱਲ ਗੋਲ਼ ਹੋਣ ਦੀ ਥਾਂ ਦਾਤੀ-ਨੁੰਮਾ ਹੋ ਜਾਂਦੇ ਹਨ। ਵੈਸੇ ਤਾਂ ਇਹ ਚੰਗੀ ਸਿਹਤ ਲਈ ਠੀਕ ਹਾਲਤ ਨਹੀਂ ਹੈ, ਪਰ ਅਜਿਹੇ ਸੈੱਲਾਂ ਵਿੱਚ ਮਲੇਰੀਏ ਦੇ ਪਰਜੀਵੀ ਕਿਟਾਣੂੰ ਜਿਉਂਦੇ ਨਹੀਂ ਰਹਿ ਸਕਦੇ। ਇਸ ਤਰਾਂ ਇਹ ਹਾਲਤ ਮਲੇਰੀਏ ਤੋਂ ਮੁਕਤੀ ਦਵਾ ਦਿੰਦੀ ਹੈ। ਮਲੇਰੀਏ ਤੋਂ ਬਚੇ ਇਹ ਮਰਦ 42 ਤੇ ਔਰਤਾਂ 48 ਕੁ ਸਾਲ ਤੱਕ ਹੀ ਜੀ ਸਕਦੇ ਹਨ, ਕਿਉਂਕਿ ਬਾਅਦ ’ਚ ਲਹੂ ਦੀ ਕਮਜ਼ੋਰੀ ਕਾਰਨ ਹੀ ਮਰ ਜਾਂਦੇ ਹਨ।

ਅਜਿਹੇ ਜੀਨ ਬਦਲਾਵਾਂ ਦੀ ਰਫਤਾਰ ਇੱਕੋ ਹੀ ਰਹਿੰਦੀ ਹੈ, ਜਾਣੀ ਕਿ ਜੀਨਾਂ ’ਚ ਬਦਲਾਅ ਜਾਂ ਮਿਊਟੇਸ਼ਨਾਂ ਉਸੇ ਹੀ ਚਾਲ ਨਾਲ਼ ਆਉਂਦੀਆਂ ਰਹਿੰਦੀਆਂ ਹਨ। ਇਨ੍ਹਾਂ ਮਿਊਟੇਸ਼ਨਾਂ ਤੋਂ ਸਾਇੰਸਦਾਨ ਨਿਸ਼ਾਨੀਆਂ ਦਾ ਕੰਮ ਵੀ ਲੈ ਰਹੇ ਹਨ। ਮਨੁੱਖੀ ਜੀਨ ਲੜੀ ਦੀ ਖੋਜ ਨੇ ਇਨ੍ਹਾਂ ਮਿਊਟੇਸ਼ਨਾਂ ਜਾਂ ਬਦਲਾਵਾਂ ਬਾਰੇ ਹੋਰ ਵੀ ਬਹੁਤ ਚਾਨਣ ਪਾਇਆ ਹੈ। ਵੱਖੋ-ਵੱਖਰੀਆਂ ਮਨੁੱਖੀ ਅਬਾਦੀਆਂ ਵਿੱਚ ਉਹੀ ਨਿਸ਼ਾਨੀ ਹੋਣ ਦਾ ਮਤਲਬ ਹੈ ਕਿ ਉਹ ਅਬਾਦੀਆਂ ਇੱਕੋ ਪੁਰਖਿਆਂ ਤੋਂ ਆਈਆਂ ਹਨ, ਜਾਂ ਕਹਿ ਲਓ ਕਿ ਉਹ ਅਬਾਦੀਆਂ ਦੂਜੀਆਂ ਨਾਲੋਂ ਆਪਸ ’ਚ ਜ਼ਿਆਦਾ ਨਜ਼ਦੀਕ ਹਨ। ਵੈਸੇ ਜ਼ਿਆਦਾਤਰ ਅਜਿਹੇ ਬਦਲਾਅ ਆਮ ਕਰਕੇ ਸ਼ੁਕਰਾਣੂੰ (ਸਪਰਮ) ਤੇ ਆਂਡਾ ਬਣਨ ਵੇਲ਼ੇ ਤੇ ਫਿਰ ਬੱਚਾ ਬਣਨ ਵੇਲ਼ੇ ਕਰੋਮੋਸੋਮਾਂ ਦੀ ਮੁੜ-ਸਿਰਜਣਾ ’ਚ ਲੁਕ ਜਾਂਦੇ ਹਨ। ਪਰ ਸਾਡੇ ਸੈੱਲਾਂ ’ਚ ਦੋ ਥਾਵਾਂ

**ਮਨੁੱਖੀ ਆਂਡਾ ਤੇ ਸ਼ੁਕਰਾਣੂੰ ਮਿਲਾਪ**




*ਇਸ ਚਿੱਤਰ ਵਿੱਚ ਆਂਡਾ ਤੇ ਸ਼ੁਕਰਾਣੂੰ ਹਨ। ਆਂਡੇ ਅੰਦਰ ਸਿਰਫ਼ ਇੱਕ ਸ਼ੁਕਰਾਣੂੰ ਦਾ ਸਿਰ (ਨਿਊਕਲੀਅਸ) ਹੀ ਜਾ ਸਕਦਾ ਹੈ। ਮਾਂ ਵੱਲੋਂ ਆਏ ਆਂਡੇ ਦੇ ਪਰੋਟੋਪਲਾਜ਼ਮ ਅਤੇ ਜ਼ਿਆਦਾ ਜੀਨਾਂ ਸਦਕਾ ਬੱਚੇ ’ਚ ਮਾਂ ਦਾ ਹਿੱਸਾ ਜ਼ਿਆਦਾ ਹੁੰਦਾ ਹੈ। ਇਸ ਪਰੋਟੋਪਲਾਜ਼ਮ ’ਚ ਮਾਈਟੋਕੌਂਡਰੀਆ ਆਪਣੇ ਜੀਨਾਂ ਸਮੇਤ ਹੁੰਦੇ ਹਨ, ਜੋ ਨਿਸ਼ਾਨੀ ਵੱਜੋਂ ਕੰਮ ਕਰ ਸਕਦੇ ਹਨ।*

ਅਜਿਹੀਆਂ ਵੀ ਹਨ ਜਿੱਥੇ ਇਹ ਲੁਕਣ-ਮੀਟੀ ਨਹੀਂ ਹੁੰਦੀ। ਉਹ ਦੋ ਥਾਵਾਂ ਹਨ: ਵਾਈ (Y) ਕਰੋਮੋਸੋਮ ਜੋ ਨਿਊਕਲੀਅਸ ਦੇ ਅੰਦਰ

ਤੇ ਮਾਈਟੋਕੌਂਡਰੀਅਲ ਡੀ.ਐੱਨ.ਏ.(DNA) ਜੋ ਨਿਊਕਲੀਅਸ ਤੋਂ ਬਾਹਰ ਪਰੋਟੋਪਲਾਜ਼ਮ ਵਿੱਚ ਹੁੰਦਾ ਹੈ। ਪਰੋਟੋਪਲਾਜ਼ਮ ਬੱਚੇ ਦੀ ਨੀਂਹ 'ਚ ਸਿਰਫ ਮਾਂ ਵੱਲੋਂ ਹੀ ਆਉਂਦਾ ਹੈ, ਪਿਓ ਵੱਲੋਂ ਤਾਂ ਨਾਂ-ਮਾਤਰ ਪਰੋਟੋਪਲਾਜ਼ਮ ਹੀ ਆਉਂਦਾ ਹੈ ਕਿਉਂਕਿ ਸ਼ੁਕਰਾਣੂੰ ਦਾ ਸਿਰ ਜੋ ਸਿਰਫ ਨਿਊਲੀਅਸ ਹੀ ਹੁੰਦਾ ਹੈ ਆਂਡੇ 'ਚ ਬੜਦਾ ਹੈ। ਮਾਂ ਵੱਲੋਂ ਆਏ ਪਰੋਟੋਪਲਾਜ਼ਮ ਵਿੱਚ ਮਾਈਟੋਕੌਂਡਰੀਆ ਵੀ ਹੁੰਦੇ ਹਨ ਜਿਨ੍ਹਾਂ ਕੋਲ਼ ਆਪਣਾ ਅਲਹਿਦਾ ਡੀ.ਐੱਨ.ਏ.(DNA) ਹੁੰਦਾ ਹੈ। ਸ਼ੁਕਰਾਣੂੰ ਦੀ ਪੂੰਛ ਵਾਲ਼ਾ ਹਿੱਸਾ ਜਿਸ ਵਿੱਚ ਕੁੱਝ ਪਰੋਟੋਪਲਾਜ਼ਮ ਹੁੰਦਾ ਹੈ ਬਾਹਰ ਹੀ ਰਹਿੰਦਾ ਹੈ। ਇਸ ਤਰਾਂ ਮਾਂ ਦਾ ਬੱਚੇ ਲਈ ਕੁੱਲ ਜੀਨਾਂ (ਸਣੇ ਮਾਈਟੋਕੌਂਡਰੀਅਲ ਜੀਨਾਂ ਦੇ) 'ਚ ਅੱਧ ਤੋਂ ਜ਼ਿਆਦਾ ਹਿੱਸਾ ਹੁੰਦਾ ਹੈ। ਇਹ ਹਿੱਸਾ ਮੁੰਡੇ 'ਚ ਹੋਰ ਵੀ ਜ਼ਿਆਦਾ ਹੁੰਦਾ ਹੈ ਜਿੱਥੇ ਐਕਸ (X) ਕਰੋਮੋਸੋਮ ਮਾਂ ਵੱਲੋਂ ਆਉਂਦਾ ਹੈ ਤੇ ਵਾਈ (Y) ਕਰੋਮੋਸੋਮ ਪਿਓ ਵੱਲੋਂ। ਵਾਈ (Y) ਕਰੋਮੋਸੋਮ ਛੋਟਾ ਹੁੰਦਾ ਹੈ ਉਸਤੇ ਜੀਨ ਵੀ ਘੱਟ ਹੁੰਦੇ ਹਨ। ਪਰ ਵਾਈ (Y) ਕਰੋਮੋਸੋਮ ਤੇ ਮਾਈਟੋਕੌਂਡਰੀਅਲ ਜੀਨ ਬਿਨਾਂ ਕਿਸੇ ਰਲ਼ਾਅ ਤੋਂ ਚਲੇ ਆਉਂਦੇ ਹਨ। ਇਨ੍ਹਾਂ ਦੋਹਾਂ ਥਾਵਾਂ ਵਾਲ਼ੇ ਜੀਨਾਂ 'ਚ ਮਿਊਟੇਸ਼ਨਾਂ ਸਾਡੇ ਪੁਰਖਿਆਂ ਦੇ ਨਿਸ਼ਾਨ ਹਨ।

ਖੋਜ ਤੋਂ ਪਤਾ ਲੱਗਿਆ ਹੈ ਕਿ ਅਫਰੀਕਨ ਔਰਤਾਂ ਦੇ ਮਾਈਟੋਕੌਂਡਰੀਅਲ ਜੀਨਾਂ ਦੀ ਵਿਲੱਖਣਤਾ ਬਾਕੀ ਦੁਨੀਆ ਦੀਆਂ ਔਰਤਾਂ ਦੇ ਜੀਨਾਂ ਦੀ ਵਿਲੱਖਣਤਾ ਨਾਲ਼ੋਂ ਦੁੱਗਣੀ ਹੈ (ਸ਼ਰੀਵ, 2006)। ਇਹ ਗੱਲ ਇਹ ਸਿੱਧ ਕਰਦੀ ਹੈ ਅਫਰੀਕਾ 'ਚ ਲੋਕ ਬਾਕੀ ਦੁਨੀਆ ਨਾਲ਼ੋਂ ਦੁੱਗਣੀ ਦੇਰ ਦੇ ਰਹਿ ਰਹੇ ਹਨ। ਅਫਰੀਕਾ 'ਚੋਂ ਮੁਢਲੇ ਇਨਸਾਨਾਂ ਦੇ ਫੌਸਿਲਾਂ ਦਾ ਮਿਲਣਾ ਵੀ ਇਨਸਾਨ ਦੀ ਅਫਰੀਕਾ ਦੀ ਪੈਦਾਇਸ਼ ਦੀ ਹਾਮੀ ਭਰਦਾ ਹੈ ਤੇ ਇਹ ਜੀਨਾਂ ਵਾਲ਼ੀ ਖੋਜ ਉਸ ਦੀ ਪਰੋੜ੍ਹਤਾ ਕਰਦੀ ਹੈ। ਅਜਿਹੇ ਹੋਰ ਰਿਸ਼ਤੇ ਵੀ ਖੋਜੇ ਜਾਣਗੇ ਜੋ ਇਨ੍ਹਾਂ ਸਬੂਤਾਂ ਨੂੰ ਹੋਰ ਪੱਕਾ ਕਰ ਦੇਣਗੇ। ਉਨ੍ਹਾਂ 'ਚੋਂ ਇੱਕ ਭਾਸ਼ਾ ਸਬੰਧਾਂ ਦਾ ਹੈ, ਪਰ ਇਹ ਖੋਜ ਅਜੇ ਵੀ ਮੁਢਲੇ ਪੜਾਵਾਂ ਤੇ ਹੈ। ਇਹ ਕੰਮ ਐਂਥਰੋਪੌਲੋਜੀ ਵਾਲ਼ਿਆਂ ਤੇ ਭਾਸ਼ਾ ਵਿਗਿਆਨੀਆਂ ਲਈ ਚੁਣੌਤੀ ਬਣ ਕੇ ਖੜ੍ਹਾ ਹੈ।

## ਅਫਰੀਕਾ ਤੋਂ ਬਾਹਰ ਪਸਾਰਾ

ਦੱਖਣੀ ਅਫਰੀਕਾ ਦੇ ਸੈਨ ਕਬੀਲੇ, ਕੇਂਦਰੀ ਅਫਰੀਕਾ ਦੇ ਬੌਨੇ ਐ ਕੁੱਝ ਪੂਰਬੀ ਅਫਰੀਕਾ ਦੇ ਕਬੀਲੇ ਸਾਰੀ ਦੁਨੀਆ ਦੇ ਲੋਕਾਂ ਦੇ ਪਿਛੋਕੜ ਨੂੰ ਸਾਂਭੀ ਬੈਠੇ ਹਨ। ਸੈਨ ਤੇ ਪੂਰਬੀ ਕਬੀਲੇ ਚਟਕਾਰਿਆਂ ਵਾਲ਼ੀਆਂ ਜ਼ੁਬਾਨਾਂ ਵੀ ਬੋਲਦੇ ਹਨ। ਇਹ ਨਿਸ਼ਾਨੀਆਂ ਵੀ ਅਫਰੀਕਾ ਅੰਦਰ ਮਨੁੱਖ ਦੇ ਫੈਲਣ ਬਾਰੇ ਦੱਸਦੀਆਂ ਹਨ। ਲੱਖ ਕੁ ਸਾਲ ਪਹਿਲਾਂ (135000-80000) ਕੁੱਝ ਟੋਲੇ ਪੱਛਮੀ ਏਸ਼ੀਆ (ਲਵਾਂਟ) ਦੇ ਕਿਨਾਰੇ ਪਹੁੰਚੇ। ਅਫਰੀਕਾ ਤੋਂ ਬਾਹਰ ਰਹਿਣ ਵਾਲ਼ੇ ਸਭ ਲੋਕਾਂ ਕੋਲ਼ ਉਹ ਨਿਸ਼ਾਨ (ਬਦਲੇ ਜੀਨ) ਹਨ ਜੋ ਉਹ ਅਫਰੀਕਾ ਤੋਂ ਬਾਹਰ ਨਿਕਲ਼ਣ ਲੱਗੇ ਲੈ ਕੇ ਆਏ ਸਨ। ਇਹ ਵੀ ਵਿਚਾਰ ਹੈ ਕਿ ਭਾਸ਼ਾ ਦੀ ਉਤਪਤੀ ਤੇ ਵਿਕਾਸ ਵੀ ਓਦੋਂ ਹੀ ਸ਼ੁਰੂ ਹੋਇਆ। ਸ਼ਾਇਦ ਇਸੇ ਕਾਰਨ ਜ਼ਿਆਦਾ ਵਧੀਆ ਹਥਿਆਰ ਤੇ ਕਲਾ ਵੀ ਹੋਂਦ 'ਚ ਆਈ। ਗੁਫਾਵਾਂ ਦੀ ਕਲਾ ਜੋ ਅੱਜ ਅਸੀਂ ਕਈ ਥਾਵਾਂ ਤੇ ਦੇਖਦੇ ਹਾਂ ਉਹ ਵੀ ਉਸ ਦੌਰ ਦੀਆਂ ਗੱਲਾਂ ਹਨ। ਮੇਰੇ ਖਿਆਲ 'ਚ ਗੁਫਾਵਾਂ 'ਚ ਮਨੁੱਖ ਰਹਿਣ ਹੀ ਠੰਢ ਕਾਰਨ ਲੱਗਿਆ ਹੋਊ ਅਤੇ ਉੱਥੇ ਰਹਿੰਦਾ ਰਹਿੰਦਾ ਵਿਹਲੇ ਸਮੇਂ 'ਚ ਆਪਣੀਆਂ ਗਤੀਆਂ ਵਿਧੀਆਂ ਨੂੰ ਗੁਫਾਵਾਂ ਦੀਆਂ ਕੰਧਾਂ ਤੇ ਉਕਰਨ ਲੱਗ ਪਿਆ ਹੋਊ। ਕਈ ਸਾਇੰਸਦਾਨਾਂ ਦਾ ਵਿਚਾਰ ਹੈ ਕਿ ਇਹ ਕਲਾ ਐਵੇਂ ਵਖਤ ਟਪਾਊ ਕੰਮ ਨਹੀਂ ਸੀ, ਸਗੋਂ ਇੱਕ ਸੋਚੀ ਸਮਝੀ ਤਰਕੀਬ ਸੀ ਆਪਣੇ ਸਾਥੀਆਂ ਨੂੰ ਕੰਮ ਸਮਝਾਉਣ ਦੀ। ਸ਼ਿਕਾਰ ਕਰਨ ਦਾ ਢੰਗ ਸਿਖਾਉਣ ਦੀ ਵਿਧੀ ਜਾਂ ਕਹਿ ਲਓ ਕਿ ਦੁਨੀਆ ਦਾ ਪਹਿਲਾ ਦਾ ਸਕੂਲ ਇਸ ਤਰਾਂ ਸ਼ੁਰੂ ਹੋਇਆ ਸੀ। ਇਸ ਤਰਾਂ ਲਗਦਾ ਹੈ ਕਿ ਪਹਿਲੀ ਭਾਸ਼ਾ ਇਸ਼ਾਰਿਆਂ ਤੋਂ ਸ਼ੁਰੂ ਹੋ ਕੇ ਤਸਵੀਰਾਂ 'ਚ ਪਹੁੰਚ ਗਈ। ਖੈਰ ਇਹ ਇੱਕ ਹੋਰ ਵਿਸ਼ਾ ਹੈ ਜੋ ਭਰਪੂਰ ਵਿਸਥਾਰ ਦਾ ਹੱਕਦਾਰ ਹੈ।

ਦੁਨੀਆ 'ਚ ਮਨੁੱਖੀ ਪਸਾਰ ਦੀ ਤਰਤੀਬ ਅੱਗੇ ਨਕਸ਼ੇ ਵਿੱਚ ਦਰਸਾਈ ਹੋਈ ਹੈ ਜੋ ਮਨੁੱਖੀ ਵਿਗਿਆਨ ਨਾਲ਼ ਸਬੰਧਤ ਵਿਗਿਆਨੀਆਂ ਦੀਆਂ ਔਸਤਾਂ ਕਹੀਆਂ ਜਾ ਸਕਦੀਆਂ ਹਨ। ਉਸ ਵੇਲ਼ੇ ਦੇ ਠੰਢੇ-ਯੁੱਗ ਨੇ ਲਾਲ-ਸਾਗਰ ਨੂੰ ਛੋਟਾ ਕਰ ਦਿੱਤਾ ਸੀ ਤੇ ਇਸ ਲਈ ਕੁੱਝ ਟੋਲੇ ਮੁਢਲੇ ਪੱਧਰ ਦੀਆਂ ਕਿਸ਼ਤੀਆਂ ਬਗੈਰਾ ਨਾਲ਼ ਲਾਲ-ਸਾਗਰ ਪਾਰ ਕਰ ਕੇ ਅੱਜ ਦੀ ਅਰਬ ਦੁਨੀਆ ਦੇ ਯਮਨ ਵਾਲ਼ੇ ਕੰਢੇ ਵੀ ਪਹੁੰਚ ਗਏ ਜੋ ਅਫਰੀਕਾ ਦੇ ਸਿੰਗ ਦੇ ਕੋਲ਼ ਪੈਂਦਾ ਹੈ। ਜੀਨਾਂ ਦਾ ਵਿਸ਼ਲੇਸ਼ਣ ਦੱਸਦਾ ਹੈ ਕਿ ਇਸ ਪਾਰ ਆ ਕੇ ਇਹ ਲੋਕ ਘੱਟੋ-ਘੱਟ ਦੋ ਟੋਲਿਆਂ ਵਿੱਚ ਵੰਡੇ ਗਏ। ਇੱਕ ਟੋਲਾ ਤਾਂ ਕੁੱਝ ਸਮੇਂ ਲਈ ਮੱਧ-ਪੂਰਬ 'ਚ ਹੀ ਰਿਹਾ ਤੇ ਦੂਜਾ ਤੱਟ ਦੇ ਨਾਲ਼ ਨਾਲ਼ ਪੂਰਬ ਵੱਲ ਨੂੰ ਲਗਾਤਾਰ ਖਿਸਕਦਾ ਰਿਹਾ, ਭਾਵੇਂ ਇਹ ਖਿਸਕਾਅ ਹੌਲ਼ੀ ਹੌਲ਼ੀ ਹੀ ਅੱਗੇ ਵਧਿਆ ਹੋਊ। ਇਸ ਤਰਾਂ 45000 ਸਾਲ ਪਹਿਲਾਂ ਤੱਕ ਮਨੁੱਖ ਇੰਡੋਨੇਸ਼ੀਆ ਹੁੰਦੇ ਹੋਏ ਅਸਟਰੇਲੀਆ 'ਚ ਵੀ ਪਹੁੰਚ ਗਿਆ ਸੀ, ਜਿੱਥੇ ਮੁੰਗੋ ਝੀਲ ਕਿਨਾਰੇ ਤੋਂ ਓਦੋਂ ਦਾ ਦੱਬਿਆ ਇੱਕ ਪਿੰਜਰ ਮਿਲਿਆ ਹੈ। ਉਸ ਪਿੰਜਰ ਤੋਂ ਥੱਲੇ ਮਿੱਟੀ 'ਚੋਂ ਕੁੱਝ ਅਜਿਹੀਆਂ ਚੀਜ਼ਾਂ ਮਿਲੀਆਂ ਹਨ ਜੋ 50000 ਸਾਲ ਪੁਰਾਣੀਆਂ ਹੋ ਸਕਦੀਆਂ ਹਨ, ਜਾਣੀ ਕਿ ਆਦਮੀ ਦੇ 50000 ਸਾਲ ਪਹਿਲਾਂ ਅਸਟਰੇਲੀਆ ਦੇ ਦੱਖਣ ਤੱਕ ਪਹੁੰਚਣ ਦੇ ਸੰਕੇਤ ਵੀ ਮਿਲਦੇ ਹਨ। ਅਫਰੀਕਾ ਤੋਂ ਅਸਟਰੇਲੀਆ ਤੱਕ ਦੇ 13000 ਕਿ.ਮੀ. ਦੇ ਰਾਹ ਵਿੱਚ ਅਜੇ ਕੋਈ ਖਾਸ ਭੌਤਿਕ ਸਬੂਤ ਹੱਥ ਨਹੀਂ ਆਏ, ਪਰ ਇਹ ਕਹਾਣੀ ਜੀਨਾਂ ਦੇ ਸਦਕਾ ਬਾਖੂਬੀ ਪੜ੍ਹੀ ਜਾ ਸਕਦੀ ਹੈ। ਅੰਡੇਮਾਨ ਨਿਕੋਬਾਰ, ਮਿਆਂਮਾਰ (ਬਰਮਾ),ਇੰਡੋਨੇਸ਼ੀਆ, ਗਿਨੀ-ਪੈਪੂਆ ਟਾਪੂਆਂ ਅਤੇ ਅਸਟਰੇਲੀਆ ਦੇ ਆਦਿਵਾਸੀਆਂ ਦੇ ਗਰੁੱਪਾਂ ਦੇ ਮਾਈਟੋਕੌਂਡਰੀਅਲ DNA (mtDNA) ਵਿੱਚ ਇਸ ਯਾਤਰਾ ਦੀਆਂ ਨਿਸ਼ਾਨੀਆਂ ਮੌਜੂਦ ਹਨ।

ਏਸ਼ੀਆ ਤੇ ਯੂਰਪ ਦੇ ਲੋਕਾਂ ਕੋਲ਼ ਵੀ ਓਨੀਆਂ ਹੀ ਪੁਰਾਣੀਆਂ mtDNA ਤੇ Y-ਕਰੋਮੋਸੋਮ ਵਾਲ਼ੀਆਂ ਲੜੀਆਂ ਹਨ ਜੋ ਉਨ੍ਹਾਂ ਦੀਆਂ (ਆਪਣੇ ਸਣੇ) ਅਫਰੀਕਾ ਦੇ ਮੁਢਲੇ ਵਾਸ਼ਿੰਦਿਆਂ ਨਾਲ਼ ਜੜਾਂ ਜੋੜਦੀਆਂ ਹਨ। ਪਹਿਲਾਂ ਠੰਢੇ ਯੁੱਗ ਨੇ ਕੁੱਝ ਦੇਰ ਹੋਰ ਪਰਵਾਸ ਰੋਕੀ ਰੱਖਿਆ। ਵੈਸੇ ਯੂਰਪ 'ਚ ਅਫਰੀਕਾ ਤੋਂ ਪਹਿਲਾਂ ਆਏ ਨਿਐਂਡਰਥਲੀ ਮਨੁੱਖ ਨੇ ਕਬਜ਼ਾ ਕੀਤਾ ਹੋਇਆ ਸੀ। ਚਾਲ਼ੀ ਕੁ ਹਜ਼ਾਰ ਸਾਲ ਪਹਿਲਾਂ ਅਜੋਕੇ ਮਨੁੱਖ ਨੇ ਨਿਐਂਡਰਥਲੀਆਂ ਦੇ ਖੇਤਰ 'ਚ ਪਰਵੇਸ਼ ਕਰਨਾ ਸ਼ੁਰੂ ਕਰ ਦਿੱਤਾ। ਫਰਾਂਸ 'ਚੋਂ ਮਿਲੇ ਕੁੱਝ ਔਜ਼ਾਰ ਇਹ ਦੱਸਦੇ ਹਨ ਕਿ ਇਹ ਦੋਨੋਂ ਆਪਸ ਵਿੱਚ ਮਿਲੇ ਸਨ, ਪਰ ਇਨ੍ਹਾਂ ਦਾ ਰਿਸ਼ਤਾ ਭਾਈਚਾਰੇ ਵਾਲ਼ਾ ਸੀ ਜਾਂ ਨਹੀਂ ਇਸ ਬਾਰੇ ਅਜੇ ਕੋਈ ਖਾਸ ਸਮਝ ਨਹੀਂ ਹੈ। ਬੱਸ ਇਹ ਕਿਹਾ ਜਾ ਸਕਦਾ ਹੈ ਕਿ ਵਧੀਆ ਹਥਿਆਰ ਬਣਾਉਣ ਵਾਲ਼ਾ ਅਜੋਕਾ ਮਨੁੱਖ ਸਾਰੇ ਯੂਰਪ 'ਚ ਫੈਲ ਗਿਆ ਤੇ ਨਿਐਂਡਰਥਲੀ ਟੋਲਿਆਂ 'ਚ ਵੰਡੇ ਕੁੱਝ ਇਲਾਕਿਆਂ 'ਚ ਹੀ ਬਚੇ ਸਨ। ਇਨ੍ਹਾਂ ਦੀ ਸਾਂਝੀ ਔਲਾਦ ਦੀ ਭਿਣਕ ਨਾ ਨਿਐਂਡਰਥਲੀਆਂ ਦੇ mtDNA ਤੋਂ ਅਤੇ ਨਾ ਹੀ ਅਜੋਕੇ ਮਨੁੱਖ ਦੇ DNA ਤੋਂ ਮਿਲਦੀ ਹੈ।

ਉਸੇ ਸਮੇਂ ਕੁੱਝ ਕੁ ਟੋਲੇ ਮੱਧ-ਏਸ਼ੀਆ ਤੋਂ ਕੇਂਦਰੀ ਏਸ਼ੀਆ (ਚੀਨ, ਮੌਂਗੋਲੀਆ ਤੇ ਰੂਸ ਵਾਲ਼ੇ ਖੇਤਰ) 'ਚ ਚਲੇ ਗਏ। ਆਪਣੇ ਸ਼ਿਕਾਰ ਦੇ ਪਿੱਛੇ ਪਿੱਛੇ ਪਹਾੜਾਂ ਦੀ ਧਾਰਾਂ ਦੇ ਦੁਆਲ਼ਿਓਂ ਹੁੰਦੇ ਹੋਏ ਉਹ 40,000 ਸਾਲ ਪਹਿਲਾਂ ਦੱਖਣੀ ਸਾਈਬੇਰੀਆ ਤੱਕ ਜਾ ਪਹੁੰਚੇ। ਇੱਥੋਂ ਕੁੱਝ ਟੋਲੇ ਅੱਡ ਅੱਡ ਹੋ ਗਏ ਤੇ ਇੱਕ ਦੇ ਜੀਨ 'ਚ ਬਦਲਾਅ ਵੀ ਆਇਆ। ਇਹ ਬਦਲਾਅ ਵਾਲ਼ੀ ਅਬਾਦੀ 'ਚੋਂ ਕਈ ਟੋਲਿਆਂ ਨੇ ਸ਼ਿਕਾਰ ਦੇ ਪਿੱਛੇ ਪਿੱਛੇ ਉੱਤਰ-ਪੂਰਬੀ ਰੂਸ ਦੇ ਨੁਨਿਆਮੋ ਵਾਲ਼ੇ ਪਾਸਿਓਂ ਡਾਇਆਮੀਦ ਟਾਪੂ ਰਾਹੀਂ ਅਲਾਸਕਾ ਦੇ ਵੇਲਜ਼ ਜਾਂ ਟਿਨ-ਸਿਟੀ ਜਾਂ ਲੂਪ-ਲੈਗੂਨ ਵਾਲ਼ੇ ਇਲਾਕੇ 'ਚ ਪਰਵੇਸ਼ ਕੀਤਾ। ਇਹ ਪਰਵਾਸ ਆਖਰੀ ਠੰਢੇ ਯੁੱਗ ਦੌਰਾਨ (ਜੋ 20,000-14,000 ਸਾਲ ਪਹਿਲਾਂ ਬਣਦਾ ਹੈ) ਜਾਂ ਉਸ ਤੋਂ ਪਹਿਲਾਂ ਹੋਇਆ ਹੋ ਸਕਦਾ ਹੈ। ਇਸਦਾ ਇੱਕ ਸਬੂਤ ਇਹ ਵੀ ਬਣਦਾ ਹੈ ਕਿ ਦੋ ਹਿਰਨਾਂ ਦੀਆਂ ਸਪੀਸੀਆਂ ਅਲਾਸਕਾ, ਕਨੇਡਾ ਤੇ ਉੱਤਰੀ ਯੂਰੇਸ਼ੀਆ 'ਚ ਉਹੀ ਹਨ, ਉਹ ਅਜੇ ਸਿਰਫ ਸਬ-ਸਪੀਸੀ ਤੱਕ ਹੀ ਵੱਖ ਹੋਏ ਹਨ। ਜਿਸ ਦਾ ਮਤਲਬ ਇਹ ਬਣਦਾ ਹੈ ਕਿ ਇਹ ਗਰੁੱਪ ਅਜੇ ਥੋੜ੍ਹੀ ਦੇਰ ਪਹਿਲਾਂ ਹੀ ਵੱਖ ਹੋਏ ਹਨ। ਇਹ ਦੋ ਹਿਰਨ ਸਪੀਸੀਆਂ ਹਨ ਮੂਸ (*ਐਲਸਸ ਐਲਸਸ)* ਅਤੇ ਵਾਪਿਤੀ ਜਾਂ ਐੱਲਕ *(ਸਰਵਸ ਕੈਨਾਡੈਂਸਿਸ)*। ਸ਼ਾਇਦ ਇਨ੍ਹਾਂ ਸਪੀਸੀਆਂ ਦੇ DNA markers (ਨਿਸ਼ਾਨੀਆਂ) ਦੀ ਖੋਜ ਇਹ ਵਿਚਾਰ ਸਿੱਧ ਕਰ ਦੇਵੇਗੀ। ਬੈਰਿੰਗ ਸਮੁੰਦਰੀ ਪਾੜੇ ਨੂੰ ਪਾਰ ਕਰਨਾ ਮੇਰੇ ਆਪਣੇ ਵਿਚਾਰ ਮੁਤਾਬਿਕ ਸੰਭਵ ਸੀ ਕਿਉਂਕਿ ਸਰਦੀਆਂ ਦੇ ਦਿਨਾਂ 'ਚ ਅੱਜ-ਕੱਲ੍ਹ ਵੀ 3 ਮਹੀਨੇ ਦੇ ਕਰੀਬ ਬੈਰਿੰਗ ਪਾੜੇ ਵਾਲ਼ਾ ਚਕਚੀ ਸਮੁੰਦਰ ਜਮਿਆ ਰਹਿੰਦਾ ਹੈ। ਇਸ ਤੋਂ ਅਜੇ ਵੀ ਅਸੀਂ ਪੈਦਲ ਇੱਧਰ-ਉੱਧਰ ਜਾ ਸਕਦੇ ਹਾਂ। ਉਨ੍ਹਾਂ ਟੋਲਿਆਂ 'ਚੋਂ ਤੇ ਸ਼ਿਕਾਰ ਦੇ ਇੱਜੜਾਂ 'ਚੋਂ ਵੀ ਪਤਲੀ ਬਰਫ ਦੀ ਤਹਿ 'ਚੋਂ ਖੁੱਭ ਕੇ ਬਹੁਤ ਸਾਰੇ ਸਮੁੰਦਰ ਦੀ ਭੇਟ ਚੜ੍ਹੇ ਹੋਣਗੇ। ਸ਼ਾਇਦ ਉਸ ਠੰਢੇ ਸਮੁੰਦਰ ਦੇ ਤਲ ਤੋਂ ਕਦੇ ਇਹ ਤੱਥ ਲੱਭ ਵੀ ਜਾਣ।

**ਮਨੁੱਖ ਅਮਰੀਕਾ ਵਿੱਚ ਇਨ੍ਹਾਂ ਦੋ ਹਿਰਨਾਂ ਦਾ ਸ਼ਿਕਾਰ ਕਰਦੇ ਕਰਦੇ ਪਹੁੰਚਿਆ ਲਗਦਾ ਹੈ। ਹੇਠ ਨਕਸ਼ੇ ਵਿੱਚ ਇਨ੍ਹਾਂ ਦੋਹਾਂ ਹਿਰਨਾਂ ਦੇ ਪਸਾਰ ਤੇ ਨਜ਼ਰ ਮਾਰੋ। ਸਿਰਫ ਇਹੀ ਦੋ ਸਪੀਸੀਆਂ ਅਜਿਹੀਆਂ ਹਨ ਜੋ ਇਸ ਤਰਾਂ ਦੋਨੋਂ/ਤਿੰਨੋਂ ਮਹਾਂਦੀਪਾਂ 'ਚ ਮਿਲਦੀਆਂ ਹਨ। ਸੰਭਾਵੀ ਤੌਰ ਤੇ ਇਨ੍ਹਾਂ ਹਿਰਨਾਂ ਦੀਆਂ ਡਾਰਾਂ ਪਿੱਛੇ ਮਨੁੱਖ ਦੇ ਟੋਲੇ ਸ਼ਿਕਾਰ ਲਈ ਤੁਰਦੇ/ਦੌੜਦੇ ਹੋਣਗੇ। ਹਿਰਨ ਉਨ੍ਹਾਂ ਤੋਂ ਬਚਣ ਲਈ ਹਰ ਸੰਭਵ ਥਾਂ ਜਾਣ ਦੀ ਕੋਸ਼ਿਸ਼ ਕਰਦੇ ਹੋਣਗੇ। ਬਰਫ਼ ਨਾਲ਼ ਢਕਿਆ ਸਮੁੰਦਰੀ ਇਲਾਕਾ ਇੱਕ ਵੱਡੇ ਖੁੱਲ੍ਹੇ ਮੈਦਾਨ ਦੀ ਤਰਾਂ ਇਨ੍ਹਾਂ ਹਿਰਨਾਂ ਨੂੰ ਬਚਾਅ ਲਈ ਠੀਕ ਜਾਪਦਾ ਹੋਊ। ਇਸ ਤਰਾਂ ਕੁੱਝ ਹਿਰਨਾਂ ਦੀਆਂ ਡਾਰਾਂ ਤੇ ਕੁੱਝ ਮਨੁੱਖੀ ਟੋਲੇ ਬੇਰਿੰਗ ਪਾੜਾ ਪਾਰ ਕਰਕੇ ਅਮਰੀਕਾ ਜਾ ਬੜੇ।**

ਵਾਪਿਤੀ, ਐੱਲਕ
*Cervus canadensis*





ਮੂਜ਼, *Alces alces*





ਪੈੱਨਸਿਲਵੈਨੀਆ (ਸੰਯੁਕਤ ਰਾਜ ਅਮਰੀਕਾ) ਦੇ ਮੈਡੋਕਰਾਫਟ-ਬਸੇਰਾ (ਸ਼ੈੱਲਟਰ) ਤੋਂ 16,000 ਸਾਲ, ਦੱਖਣੀ ਚਿੱਲੀ ਦੇ ਮੌਂਤ-ਵਰਦ ਤੋਂ 14,000 ਸਾਲ ਅਤੇ ਸਵਾਨਾ ਦਰਿਆ ਨੇੜੇ ਐਲਨਡੇਲ ਕਾਉਂਟੀ ਤੋਂ 50,000 ਸਾਲ ਪੁਰਾਣੇ ਔਜਾਰ ਤੇ ਦੂਜੀਆਂ ਚੀਜ਼ਾਂ ਮਿਲਣਾ ਇਸ ਕਹਾਣੀ ਨੂੰ ਕਾਫੀ ਪੁਰਾਣੀ ਬਣਾ ਦਿੰਦੇ ਹਨ। ਪਰ ਇੱਕ ਗੱਲ ਤਾਂ ਸਾਬਤ ਹੋ ਚੁੱਕੀ ਹੈ ਕਿ ਅਮੈਰੀਇੰਡੀਅਨ ਕਹੇ ਜਾਣ ਵਾਲ਼ੇ ਅਮਰੀਕੀ ਆਦਿਵਾਸੀ ਅਫਰੀਕਾ ਤੋਂ ਅਲਾਸਕਾ ਰਾਹੀਂ ਆਏ ਹਨ। ਕੁੱਝ ਰੌਲ਼ਾ ਅਮੈਰੀਇੰਡੀਅਨਾਂ ਦੇ ਯੂਰਪ ਤੋਂ ਆਉਣ ਦਾ ਵੀ ਹੈ ਜੋ ਸਭ ਰਹਿੰਦੇ ਆਦਿਵਾਸੀਆਂ ਦੇ ਕਬੀਲਿਆਂ ਦੇ DNA markers ਜਾਂ ਨਿਸ਼ਾਨੀਆਂ ਦਾ ਪਤਾ ਕਰਕੇ ਸਾਫ ਕੀਤਾ ਜਾ ਸਕਦਾ ਹੈ। ਅਮਰੀਕਾ ਵਿੱਚ ਆ ਕੇ ਇੱਥੇ ਉਨ੍ਹਾਂ ਨੂੰ ਬਾਈਸਨ ਤੇ ਮੈਮਥ ਵਰਗੇ ਸੌਖੇ ਸ਼ਿਕਾਰ ਨਾਲ਼ ਭਰਪੂਰ ਮੈਦਾਨ ਮਿਲੇ। ਹੌਲ਼ੀ ਹੌਲ਼ੀ ਸਾਰਾ ਅਮਰੀਕਾ ਉਨ੍ਹਾਂ ਦਾ ਹੋ ਗਿਆ। ਇਹ ਉਹੀ ਅਮਰੀਕਾ ਸੀ ਜੋ ਕੋਲੰਬਸ ਵੱਲੋਂ ਢੂੰਡਿਆ ਹੋਇਆ ਦੱਸਿਆ ਗਿਆ, ਜਿਸ ਦਾ ਨਾਂ ਕੋਲੰਬਸ ਤੋਂ ਪਿੱਛੋਂ ਆਏ ਇਟਾਲੀਅਨ ਵੈੱਸਪੂਚੀ ਅਮੈਰੀਗੋ ਦੇ ਨਾਂ ਤੇ ਪਿਆ। ਕਿਸੇ ਵੀ ਯੂਰਪੀਅਨ ਫਿਲਾਸਫਰ ਨੇ ਅਮਰੀਕਣ ਆਦਿਵਾਸੀਆਂ ਦੇ ਨਾਵਾਂ ਦੀ ਪਰਵਾਹ ਨਹੀਂ ਕੀਤੀ ਤੇ ਅਮੈਰੀਗੋ ਲੈਂਡ ਤੋਂ ਹੌਲ਼ੀ ਹੌਲ਼ੀ ਅਮਰੀਕਾ ਹੀ ਬਣ ਗਿਆ।

## ਧੰਨਵਾਦ

ਮੈਂ ਪੰਜਾਬੀ ਕਲਮਾਂ ਦੇ ਕਾਫਲੇ ਦੇ ਮੈਂਬਰਾਂ ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਇਸ ਲੇਖ ਦੀ ਗੱਲ-ਬਾਤ ਨੂੰ ਸਮਾਂ ਦਿੱਤਾ ਜਿਸ ਨਾਲ਼ ਮੈਂ ਆਪਣਾ ਲੇਖ ਹੋਰ ਸਾਰਥਿਕ ਬਣਾ ਸਕਿਆ ਹਾਂ। ਅਜੇ ਵੀ ਜੇ ਕਿਸੇ ਦਾ ਕੋਈ ਸਵਾਲ ਹੋਵੇ ਤਾਂ ਉਹ ਹਵਾਲਿਆਂ ’ਚ ਦਿੱਤੇ ਹੋਏ ਇੰਟਰਨੈੱਟ ਸਾਈਟਾਂ ਤੇ ਜਾ ਕੇ ਦੇਖ ਸਕਦਾ ਹੈ। ਮੈਂ ਆਪਣੇ ਈ-ਮੇਲ ਐਡਰੈੱਸ ਵੀ ਦਿੱਤੇ ਹੋਏ ਹਨ, ਮੇਰੇ ਨਾਲ਼ ਵੀ ਤੁਸੀਂ ਆਪਣੇ ਸਵਾਲ ਜਾਂ ਟਿੱਪਣੀਆਂ ਸਾਂਝੀਆਂ ਕਰ ਸਕਦੇ ਹੋ।

## ਅਜੋਕੇ ਮਨੁੱਖ ਦਾ ਦੁਨੀਆਂ ’ਚ ਪਸਾਰ



# ਹਵਾਲੇ


- What genes and fossils tell us? http://ngm.nationalgeographic.com/ngm/0603/feature2/map.html
- ਸ਼ਰੀਵ (2006) Human migration.png http://en.wikipedia.org/wiki/File:Human_migration.png
- Atlas of human journey. https://genographic.nationalgeographic.com/genographic/atlas.html
- Journey of mankind: The peopling of the world. http://www.bradshawfoundation.com/journey/
- The greatest journey. http://ngm.nationalgeographic.com/2006/03/human-journey/shreeve-text.html
- Transitional human fossils: Six million years of human ancestry. http://darwiniana.org/hominid.htm
- TheiInitial movement out of African: Migrations of *Homo erectus* *http://www.mesacc.edu/dept/d10/asb/origins/hominid_journey/asianerectus.html*
- New Evidence Puts Man In North America 50,000 Years Ago. http://www.sciencedaily.com/releases/2004/11/041118104010.htm
- Ovum. *http://en.wikipedia.org/wiki/Ovum*
- Wible et al. (2007) Cretaceous eutherians and Laurasian origin for placental mammals near the K/T boundary. http://www.nature.com/nature/journal/v447/n7147/abs/nature05854.html
- Hominid fossils sites. *http://www.handprint.com/LS/ANC/disp.html*